People's Herald    Rs- 100/month    People's Herald



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

“Equality and Justice”    स्वतंत्रता, समानता, भाईचारा

PATIALA    On line paper    10 ਅਪਰੈਲ 2025 ਵੀਰਵਾਰ “ਰੋਜ਼ਾਨਾ” ਸਾਲ ਚੌਥਾ    w.e.f. 15 August 2022    ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849)   HARDIP SINGH  STATE BANK OF INDIA   ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## ਭਾਜਪਾ ਆਗੂ ਦੇ ਘਰ ’ਤੇ ਗ੍ਰਨੇਡ ਹਮਲਾ: ਪੰਜਾਬ ਪੁਲਿਸ ਨੇ ਮਹਿਜ਼ 12 ਘੰਟਿਆਂ ਦੇ ਅੰਦਰ ਸੁਲਝਾਇਆ ਮਾਮਲਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਨੇ ਪਾਕਿ-ਆਈਐਸਆਈ ਸਮਰਥਿਤ ਅੱਤਵਾਦੀ ਮਾਡਿਊਲ ਵੱਲੋਂ, ਘੜੀ ਸਾਜ਼ਿਸ਼ ਤਹਿਤ ਭਾਜਪਾ ਨੇਤਾ ਦੇ ਘਰ ’ਤੇ ਕੀਤੇ ਹੈਂਡ ਗ੍ਰਨੇਡ ਹਮਲੇ ਦੇ ਮਾਮਲੇ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਮਹਿਜ਼ 12 ਘੰਟਿਆਂ ਤੋਂ ਵੀ ਘੱਟ ਸਮੇਂ ਗ੍ਰਿਫਤਾਰ ਕਰਕੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ । ਇਹ ਜਾਣਕਾਰੀ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਮੰਗਲਵਾਰ ਨੂੰ ਇੱਥੇ ਦਿੱਤੀ।

ਸਪੈਸ਼ਲ ਡੀਜੀਪੀ ਨੇ ਕਿਹਾ , “ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਆਈ.ਐਸ. ਆਈ. ਵੱਲੋਂ ਪੰਜਾਬ ਵਿੱਚ ਫਿਰਕੂ ਸਦਭਾਵਨਾ ਨੂੰ ਢਾਹ ਲਾਉਣ ਲਈ ਵੱਡੀ ਸਾਜ਼ਿਸ਼ ਰਚੀ ਗਈ ਸੀ। ਇਸ ਸਾਜ਼ਿਸ਼ ਦਾ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਸੀ, ਜੋ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਪਾਕਿਸਤਾਨ ਸਥਿਤ ਆਈਐਸਆਈ-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਦਾ ਨਜ਼ਦੀਕੀ ਸਾਥੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮਾਂ ਦੇ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਮਾਸਟਰਮਾਈਂਡ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਗੈਂਗਸਟਰ ਹੈਪੀ ਪਾਸੀਆਂ ਨਾਲ ਵੀ ਸਬੰਧਾਂ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ, ਜਿਹਨਾਂ ਨਾਲ ਆਈਜੀਪੀ ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਟੀਮਾਂ ਨੇ ਇਸ ਅਪਰਾਧ ਨੂੰ ਅੰਜਾਮ ਦੇਣ ਲਈ ਦੋਸ਼ੀਆਂ ਵੱਲੋਂ ਵਰਤਿਆ ਈ-ਰਿਕਸ਼ਾ ਵੀ ਬਰਾਮਦ ਕੀਤਾ ਹੈ।

ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਸੋਮਵਾਰ ਅਤੇ ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਸੈਂਟਰਲ ਟਾਊਨ ਜਲੰਧਰ ਸਥਿਤ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਧਮਾਕਾ ਹੋਇਆ ਸੀ। ਜਲੰਧਰ ਕਮਿਸ਼ਨਰੇਟ ਦੀਆਂ ਪੁਲਿਸ ਟੀਮਾਂ ਤੁਰੰਤ ਮੌਕੇ ’ਤੇ ਪਹੁੰਚ ਗਈਆਂ ਅਤੇ ਫੋਰੈਂਸਿਕ ਟੀਮ ਵੱਲੋਂ ਮੌਕਾ-ਏ- ਵਾਰਦਾਤ ਤੋਂ ਨਮੂਨੇ ਅਤੇ ਸਬੰਧਿਤ ਸਬੂਤ ਇਕੱਠੇ ਕਰ ਲਏ ਗਏ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਜਲੰਧਰ ਧਨਪ੍ਰੀਤ ਕੌਰ ਨੇ ਕਿਹਾ ਕਿ ਸਮੁੱਚੇ ਅੱਤਵਾਦੀ ਨੈੱਟਵਰਕ ਦਾ ਪਤਾ ਲਗਾਉਣ ਅਤੇ ਸਾਰੇ ਸਾਜ਼ਿਸ਼ਕਾਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਖੁਫੀਆ ਏਜੰਸੀਆਂ ਨਾਲ ਤਾਲਮੇਲ ਕਰਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸੀਪੀ ਜਲੰਧਰ, ਨੇ ਕਿਹਾ ਕਿ ਇਸ ਸਬੰਧੀ ਭਾਰਤੀ ਬੀਐਨਐਸ ਦੀ ਧਾਰਾਵਾਂ 109, 324(3) ਅਤੇ 61(2) ਅਤੇ ਵਿਸਫੋਟਕ ਪਦਾਰਥ ਐਕਟ ਦੀਆਂ ਧਾਰਾਵਾਂ 3, 4 ਅਤੇ 5 ਤਹਿਤ ਜਲੰਧਰ ਥਾਣਾ ਡਿਵੀਜ਼ਨ ਨੰਬਰ 3 ਵਿਖੇ ਐਫਆਈਆਰ ਨੰਬਰ 27 ਮਿਤੀ 8/4/2025 ਦਰਜ ਕੀਤੀ ਗਈ ਹੈ।

## ਸੁਪਰੀਮ ਕੋਰਟ ਵੱਲੋਂ ‘ਬਿਲਾਂ ਨੂੰ ਰੋਕ ਕੇ ਰੱਖਣ’ ਲਈ ਤਾਮਿਲਨਾਡੂ ਦੇ ਰਾਜਪਾਲ ਦੀ ਖਿਚਾਈ

### ਸਿਖਰਲੀ ਅਦਾਲਤ ਨੇ ਕਿਸੇ ਵੀ ਸੂਬੇ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿਲਾਂ ’ਤੇ ਫ਼ੈਸਲਾ ਲੈਣ ਵਾਸਤੇ ਰਾਜਪਾਲਾਂ ਵਾਸਤੇ ਇਤਿਹਾਸ ਵਿਚ ਪਹਿਲੀ ਵਾਰ ਮਿਆਦ ਤੈਅ ਕੀਤੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਪਰੀਮ ਕੋਰਟ (Supreme Court of India) ਨੇ ਇੱਕ ਇਤਿਹਾਸਕ ਫੈਸਲੇ ਵਿੱਚ ਸੂਬੇ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ‘ਤੇ ਕਾਰਵਾਈ ਕਰਨ ਲਈ ਰਾਜਪਾਲ ਵਾਸਤੇ ਮਿਆਦ ਤੈਅ ਕੀਤੀ ਹੈ। ਇਸ ਦੇ ਨਾਲ ਹੀ ਸਿਖਰਲੀ ਅਦਾਲਤ ਨੇ ਤਾਮਿਲਨਾਡੂ ਦੇ ਰਾਜਪਾਲ ਆਰਐਨ ਰਵੀ (Tamil Nadu Governor R N Ravi) ਵੱਲੋਂ ਸੂਬਾਈ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿਲਾਂ ਨੂੰ ਰੋਕ ਕੇ ਰੱਖਣ ਅਤੇ ਫਿਰ ਲੰਬੇ ਸਮੇਂ ਬਾਅਦ ਉਨ੍ਹਾਂ ਨੂੰ ਸੰਵਿਧਾਨਕ ਵਿਵਸਥਾਵਾਂ ਦੇ ਖ਼ਿਲਾਫ਼ ਕਰਾਰ ਦੇ ਕੇ ਵਿਧਾਨ ਸਭਾ ਨੂੰ ਵਾਪਸ ਭੇਜ ਦੇਣ ਲਈ ਰਾਜਪਾਲ ਦੀ ਖਿਚਾਈ ਕੀਤੀ ਹੈ।

ਸੁਪਰੀਮ ਕੋਰਟਦੇ ਜਸਟਿਸ ਜੇਬੀ ਪਾਰਦੀਵਾਲਾ ਅਤੇ ਆਰ ਮਹਾਦੇਵਨ (Justices J B Pardiwala and R Mahadevan) ਦੇ ਬੈਂਚ ਨੇ ਆਪਣੇ ਫ਼ੈਸਲੇ ਵਿਚ ਕਿਹਾ, “ਰਾਜਪਾਲ ਦੀ 10 ਬਿੱਲਾਂ ਨੂੰ ਰਾਸ਼ਟਰਪਤੀ ਵਾਸਤੇ ਰਾਖਵਾਂ ਰੱਖਣ ਦੀ ਕਾਰਵਾਈ ਗੈਰ-ਕਾਨੂੰਨੀ ਅਤੇ ਆਪਹੁਦਰੀ ਹੈ ਅਤੇ ਇਸ ਕਾਰਵਾਈ ਨੂੰ ਰੱਦ ਕੀਤਾ ਜਾਂਦਾ ਹੈ।” ਅਦਾਲਤ ਨੇ ਹੋਰ ਕਿਹਾ, “10 ਬਿੱਲਾਂ ਨੂੰ ਰਾਜਪਾਲ ਕੋਲ ਦੁਬਾਰਾ ਭੇਜੇ ਜਾਣ ਦੀ ਤਾਰੀਖ਼ ਤੋਂ ਮਨਜ਼ੂਰ ਕਰਾਰ ਦਿੱਤੇ ਗਏ ਮੰਨਿਆ ਜਾਵੇਗਾ।”

ਆਪਣੀ ਕਿਸਮ ਦੇ ਇਨ੍ਹਾਂ ਪਹਿਲੇ ਹੁਕਮਾਂ ਵਿੱਚ ਸਿਖਰਲੀ ਅਦਾਲਤ ਨੇ ਰਾਜਪਾਲ ਲਈ ਰਾਜ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ‘ਤੇ ਕਾਰਵਾਈ ਕਰਨ ਵਾਸਤੇ ਇਕ ਮਿਆਦ ਤੈਅ ਕਰ ਦਿੱਤੀ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 200 ਦੇ ਤਹਿਤ ਰਾਜਪਾਲ ਵੱਲੋਂ ਕਾਰਜਾਂ ਨੂੰ ਚਲਾਉਣ ਲਈ ਸਪੱਸ਼ਟ ਤੌਰ ‘ਤੇ ਕੋਈ ਸਮਾਂ ਸੀਮਾ ਤੈਅ ਨਹੀਂ ਹੈ। ਬੈਂਚ ਨੇ ਕਿਹਾ, “ਕੋਈ ਤੈਅਸ਼ੁਦਾ ਮਿਆਦ ਨਾ ਹੋਣ ਦੇ ਬਾਵਜੂਦ, ਧਾਰਾ 200 ਨੂੰ ਉਸ ਤਰੀਕੇ ਨਾਲ ਵੀ ਪੜ੍ਹਿਆ/ਸਮਝਿਆ ਨਹੀਂ ਜਾ ਸਕਦਾ ਹੈ, ਜੋ ਤਰੀਕਾ ਰਾਜਪਾਲ ਨੂੰ ਉਸ ਅੱਗੇ ਮਨਜ਼ੂਰੀ ਲਈ ਪੇਸ਼ ਕੀਤੇ ਜਾਂਦੇ ਬਿੱਲਾਂ ‘ਤੇ ਕੋਈ ਵੀ ਕਾਰਵਾਈ ਨਾ ਕਰਨ ਦੀ ਇਜਾਜ਼ਤ ਦਿੰਦਾ ਹੋਵੇ ਅਤੇ ਇਸ ਤਰ੍ਹਾਂ ਹੋਣ ਵਾਲੀ ਦੇਰੀ ਨਾਲ ਲਾਜ਼ਮੀ ਤੌਰ ‘ਤੇ ਰਾਜ ਵਿੱਚ ਕਾਨੂੰਨ ਬਣਾਉਣ ਵਾਲੀ ਮਸ਼ੀਨਰੀ ਵਿਚ ਰੁਕਾਵਟ ਪੈਦਾ ਹੁੰਦੀ ਹੈ।”

ਸਮਾਂ-ਸੀਮਾ ਤੈਅ ਕਰਦੇ ਹੋਏ ਬੈਂਚ ਨੇ ਕਿਹਾ ਕਿ ਕਿਸੇ ਬਿੱਲ ‘ਤੇ ਮਨਜ਼ੂਰੀ ਨੂੰ ਰੋਕਣ ਅਤੇ ਮੰਤਰੀ ਮੰਡਲ ਦੀ ਸਹਾਇਤਾ ਅਤੇ ਸਲਾਹ ਨਾਲ ਰਾਸ਼ਟਰਪਤੀ ਲਈ ਰਾਖਵਾਂ ਰੱਖਣ ਦੀ ਸਥਿਤੀ ‘ਚ ਵੱਧ ਤੋਂ ਵੱਧ ਮਿਆਦ ਇਕ ਮਹੀਨੇ ਦੀ ਹੋਵੇਗੀ। ਜੇ ਰਾਜਪਾਲ ਨੇ ਮੰਤਰੀ ਮੰਡਲ ਦੀ ਸਹਾਇਤਾ ਅਤੇ ਸਲਾਹ ਤੋਂ ਬਿਨਾਂ ਮਨਜ਼ੂਰੀ ਨੂੰ ਰੋਕਣ ਦਾ ਫੈਸਲਾ ਕੀਤਾ ਹੈ, ਤਾਂ ਬਿੱਲਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਵਿਧਾਨ ਸਭਾ ਵਿੱਚ ਵਾਪਸ ਕਰ ਦਿੱਤਾ ਜਾਣਾ ਚਾਹੀਦਾ ਹੈ।

ਸਿਖਰਲੀ ਅਦਾਲਤ ਨੇ ਕਿਹਾ ਕਿ ਰਾਜ ਵਿਧਾਨ ਸਭਾ ਦੁਆਰਾ ਮੁੜ ਵਿਚਾਰ ਕਰਨ ਤੋਂ ਬਾਅਦ ਕਿਸੇ ਬਿੱਲ ਨੂੰ ਰਾਜਪਾਲ ਕੋਲ ਪੇਸ਼ ਕਰਨ ਦੀ ਸਥਿਤੀ ਵਿੱਚ, ਬਿੱਲਾਂ ਨੂੰ ਇੱਕ ਮਹੀਨੇ ਦੇ ਅੰਦਰ ਰਾਜਪਾਲ ਦੁਆਰਾ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ। ਬੈਂਚ ਨੇ ਤਾਕੀਦ ਕੀਤੀ ਕਿ ਸਮਾਂ-ਸੀਮਾ ਦੀ ਪਾਲਣਾ ਕਰਨ ਵਿੱਚ ਕੋਈ ਵੀ ਅਸਫਲਤਾ ਰਾਜਪਾਲ ਦੀ ਕਾਰਵਾਈ ਨੂੰ ਅਦਾਲਤੀ ਨਿਰਖ-ਪਰਖ ਦੇ ਅਧੀਨ ਕਰ ਦੇਵੇਗੀ। -ਪੀਟੀਆਈ

## ਭਗਵੰਤ ਮਾਨ ਨੇ ਪਿਛਲੇ ਸਾਲ ਸੀਆਰਪੀਐੱਫ ਦੀ ਵਾਈ ਪਲੱਸ ਸੁਰੱਖਿਆ ਦੀ ਪੇਸ਼ਕਸ਼ ਠੁਕਰਾਈ: ਸੂਤਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਅਰਬਾਂਪਤੀ ਗੌਤਮ ਅਡਾਨੀ ਅਤੇ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਤੇ ਉਨ੍ਹਾਂ ਦੀ ਪਤਨੀ ਸਣੇ 206 ਵੀਵੀਆਈਪੀਜ਼ ਤੇ ਵੀਆਈਪੀਜ਼ ਨੂੰ ਮੌਜੂਦ ਸਮੇਂ ਸੁਰੱਖਿਆ ਮੁਹੱਈਆ ਕਰਵਾਉਣ ਵਾਲੇ ਨੀਮ ਫੌਜੀ ਬਲ ਸੀਆਰਪੀਐੱਫ ਨੇ ਪਿਛਲੇ ਸਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਾਈ ਪਲੱਸ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਇਸ ਤਜਵੀਜ਼ ਨੂੰ ਨਾਂਹ ਕਹਿ ਦਿੱਤੀ। ਇਹ ਦਾਅਵਾ ਇਸ ਪੂਰੇ ਘਟਨਾਕ੍ਰਮ ਤੋਂ ਜਾਣੂ ਸੂਤਰਾਂ ਨੇ ਕੀਤਾ ਹੈ।

ਹਾਲੀਆ ਸਮਿਆਂ ਵਿਚ ਨੀਮ ਫੌਜੀ ਬਲ ਨੇ ਕੇਂਦਰ ਸਰਕਾਰ ਦੀ ਸਿਫਾਰਸ਼ ’ਤੇ ਦੋ ਮੁੱਖ ਮੰਤਰੀਆਂ, ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਤੇ ਭਗਵੰਤ ਮਾਨ, ਨੂੰ ਦਰਪੇਸ਼ ਖਤਰੇ ਦੇ ਅਧਾਰ ’ਤੇ ਸੁਰੱਖਿਆ ਕਵਰ ਦੇਣ ਦੀ ਪੇਸ਼ਕਸ਼ ਕੀਤੀ ਸੀ। ਮਾਨ ਨੇ ਭਾਵੇਂ ਪੇਸ਼ਕਸ਼ ਨੂੰ ਨਾਂਹ ਕਰ ਦਿੱਤੀ ਜਦੋਂਕਿ ਸਰਮਾ ਕੋਲ ਸੀਆਰਪੀਐੱਫ ਦੀ ਜ਼ੈੱਡ ਪਲੱਸ ਸੁਰੱਖਿਆ ਹੈ। ਐੱਨਸੀਪੀ (ਐੱਸਪੀ) ਮੁਖੀ ਸ਼ਰਦ ਪਵਾਰ ਨੂੰ 2024 ਲੋਕ ਸਭਾ ਚੋਣਾਂ ਦੌਰਾਨ ਸੀਆਰਪੀਐੱਫ ਦੀ ਜ਼ੈੱਡ ਪਲੱਸ ਸੁਰੱਖਿਆ ਦੀ ਪੇਸ਼ਕਸ਼ ਕੀਤੀ ਗਈ ਸੀ, ਹਾਲਾਂਕਿ ਉਨ੍ਹਾਂ ਨੇ ਵੀ ਨਾਂਹ ਕਰ ਦਿੱਤੀ। ਵੀਵੀਆਈਪੀਜ਼ ਵਿਚੋਂ ਅਡਾਨੀ ਕੋਲ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ, ਮੁਕੇਸ਼ ਅੰਬਾਨੀ ਕੋਲ ਜ਼ੈੱਡ ਪਲੱਸ ਤੇ ਉਨ੍ਹਾਂ ਦੀ ਪਤਨੀ ਨੀਤਾ ਅੰਬਾਨੀ ਕੋਲ ਵਾਈ ਪਲੱਸ ਸ਼੍ਰੇਣੀ ਦੀ ਸੁਰੱਖਿਆ ਹੈ।

# ਕੈਰੇਬੀਆਈ ਦੇਸ਼ ਡੋਮਿਨਿਕਨ ਗਣਰਾਜ ਦੇ ਨਾਈਟ ਕਲੱਬ ’ਚ ਭਿਆਨਕ ਹਾਦਸਾ, ਛੱਤ ਡਿੱਗਣ ਨਾਲ 27 ਲੋਕਾਂ ਦੀ ਮੌਤ, 160 ਜ਼ਖ਼ਮੀ

## ਹਾਦਸੇ ਸਮੇਂ ਕਲੱਬ ’ਚ ਚਲ ਰਿਹਾ ਸੀ ਸੰਗੀਤ ਸਮਾਰੋਹ, ਸਾਬਕਾ ਬੇਸਬਾਲ ਖਿਡਾਰੀ, ਵਿਧਾਇਕ ਅਤੇ ਗਾਇਕ ਵੀ ਜ਼ਖ਼ਮੀਆਂ ’ਚ ਸ਼ਾਮਲ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੈਂਟੋ ਡੋਮਿੰਗੋ (ਡੋਮਿਨਿਕਨ ਗਣਰਾਜ) : ਡੋਮਿਨਿਕਨ ਗਣਰਾਜ ਦੀ ਰਾਜਧਾਨੀ ਡੋਮਿਨਿਕਨ ਵਿਚ ਮੰਗਲਵਾਰ ਤੜਕੇ ਇਕ ਨਾਈਟ ਕਲਬ ਦੀ ਛੱਤ ਡਿੱਗਣ ਨਾਲ ਘੱਟੋ-ਘੱਟ 27 ਲੋਕਾਂ ਦੀ ਮੌਤ ਹੋ ਗਈ ਅਤੇ 160 ਹੋਰ ਜ਼ਖ਼ਮੀ ਹੋ ਗਏ। ਸੈਂਟਰ ਆਫ ਐਮਰਜੈਂਸੀ ਆਪਰੇਸ਼ਨਜ਼ ਦੇ ਡਾਇਰੈਕਟਰ ਜੁਆਨ ਮੈਨੂਅਲ ਮੇਂਡੇਜ਼ ਨੇ ਦਸਿਆ ਕਿ ਬਚਾਅ ਮੁਲਾਜ਼ਮ ਸੈਂਟੋ ਡੋਮਿੰਗੋ ਦੇ ਇਕ ਮੰਜ਼ਿਲਾ ਜੈੱਟ ਸੈੱਟ ਨਾਈਟ ਕਲੱਬ ਦੇ ਮਲਬੇ ਵਿਚ ਬਚੇ ਸੰਭਾਵਤ ਲੋਕਾਂ ਦੀ ਭਾਲ ਕਰ ਰਹੇ ਹਨ।

ਉਨ੍ਹਾਂ ਕਿਹਾ, ‘‘ਅਸੀਂ ਮੰਨਦੇ ਹਾਂ ਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਅਜੇ ਵੀ ਜ਼ਿੰਦਾ ਹਨ ਅਤੇ ਇਸ ਲਈ ਇੱਥੋਂ ਦੇ ਅਧਿਕਾਰੀ ਉਦੋਂ ਤਕ ਹਾਰ ਨਹੀਂ ਮੰਨਣਗੇ ਜਦੋਂ ਤਕ ਇਕ ਵੀ ਵਿਅਕਤੀ ਮਲਬੇ ਹੇਠ ਨਹੀਂ ਰਹਿੰਦਾ।’’ ਪੀੜਤਾਂ ਵਿਚ ਉੱਤਰ-ਪਛਮੀ ਸੂਬੇ ਮੌਂਟੇਕ੍ਰਿਸਟੀ ਦੇ ਗਵਰਨਰ ਨੈਲਸੀ ਕਰੂਜ਼ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਦਸਿਆ ਕਿ ਜ਼ਖ਼ਮੀਆਂ ’ਚ ਮੇਜਰ ਲੀਗ ਦੇ ਸਾਬਕਾ ਬੇਸਬਾਲ ਖਿਡਾਰੀ ਓਕਟਾਵੀਓ ਡੋਟੇਲ, ਵਿਧਾਇਕ ਬ੍ਰੇ ਵਰਗਾਸ ਅਤੇ ਮੇਰੇਂਗੂ ਗਾਇਕ ਰੂਬੀ ਪੇਰੇਜ਼ ਸ਼ਾਮਲ ਹਨ।

ਉਨ੍ਹਾਂ ਦੇ ਮੈਨੇਜਰ ਐਨਰਿਕ ਪੌਲੀਨੋ, ਜਿਸ ਦੀ ਕਮੀਜ਼ ਖ਼ੂਨ ਨਾਲ ਲਥਪਥ ਸੀ, ਨੇ ਮੌਕੇ ’ਤੇ ਪੱਤਰਕਾਰਾਂ ਨੂੰ ਦਸਿਆ ਕਿ ਸੰਗੀਤ ਸਮਾਰੋਹ ਅੱਧੀ ਰਾਤ ਤੋਂ ਥੋੜ੍ਹੀ ਦੇਰ ਪਹਿਲਾਂ ਸ਼ੁਰੂ ਹੋਇਆ ਅਤੇ ਲਗਭਗ ਇਕ ਘੰਟੇ ਬਾਅਦ ਛੱਤ ਢਹਿ ਗਈ, ਜਿਸ ਨਾਲ ਸਮੂਹ ਦੇ ਸੈਕਸੋਫੋਨਿਸਟ ਦੀ ਮੌਤ ਹੋ ਗਈ। ਉਨ੍ਹਾਂ ਕਿਹਾ, ‘‘ਇਹ ਬਹੁਤ ਜਲਦੀ ਹੋਇਆ। ਮੈਂ ਇਕ ਕੋਨੇ ’ਚ ਭੱਜਣ ’ਚ ਕਾਮਯਾਬ ਰਿਹਾ। ਸ਼ੁਰੂ ’ਚ ਮੈਂ ਸੋਚਿਆ ਕਿ ਇਹ ਭੂਚਾਲ ਸੀ।’’ ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਛੱਤ ਡਿੱਗਣ ਦਾ ਕਾਰਨ ਕੀ ਹੈ।

ਮੈਨੂਅਲ ਓਲੀਵੋ ਓਰਟਿਜ਼, ਜਿਸ ਦਾ ਬੇਟਾ ਸੰਗੀਤ ਸਮਾਰੋਹ ਵਿਚ ਸ਼ਾਮਲ ਹੋਇਆ ਸੀ ਪਰ ਘਰ ਵਾਪਸ ਨਹੀਂ ਆਇਆ, ਉਨ੍ਹਾਂ ਲੋਕਾਂ ਵਿਚੋਂ ਇਕ ਸੀ ਜੋ ਸੋਮਵਾਰ ਨੂੰ ਆਯੋਜਿਤ ਅਪਣੀਆਂ ਰਵਾਇਤੀ ਪਾਰਟੀਆਂ ਲਈ ਜਾਣੇ ਜਾਂਦੇ ਕਲੱਬ ਦੇ ਬਾਹਰ ਬੇਸਬਰੀ ਨਾਲ ਉਡੀਕ ਕਰ ਰਹੇ ਸਨ, ਜਿੱਥੇ ਪ੍ਰਸਿੱਧ ਕੌਮੀ ਅਤੇ ਕੌਮਾਂਤਰੀ ਕਲਾਕਾਰ ਪ੍ਰਦਰਸ਼ਨ ਕਰਦੇ ਹਨ। ਓਲੀਵੋ ਨੇ ਕਿਹਾ, ‘‘ਹੁਣ ਸਾਡਾ ਸਿਰਫ਼ ਰੱਬ ’ਤੇ ਭਰੋਸਾ ਹੈ।’’

ਰਾਸ਼ਟਰਪਤੀ ਲੁਈਸ ਅਬੀਨਾਦਰ ਨੇ ‘ਐਕਸ’ ’ਤੇ ਲਿਖਿਆ ਕਿ ਸਾਰੀਆਂ ਬਚਾਅ ਏਜੰਸੀਆਂ ਪ੍ਰਭਾਵਤ ਲੋਕਾਂ ਦੀ ਮਦਦ ਲਈ ਅਣਥੱਕ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ, ‘‘ਜੈੱਟ ਸੈੱਟ ਨਾਈਟ ਕਲੱਬ ’ਚ ਵਾਪਰੀ ਦੁਖਾਂਤ ’ਤੇ ਸਾਨੂੰ ਡੂੰਘਾ ਅਫਸੋਸ ਹੈ। ਘਟਨਾ ਵਾਪਰਨ ਤੋਂ ਬਾਅਦ ਅਸੀਂ ਮਿੰਟ-ਦਰ-ਮਿੰਟ ਇਸ ’ਤੇ ਨਜ਼ਰ ਰੱਖ ਰਹੇ ਹਾਂ।’’ ਅਬੀਨਾਦਰ ਮੌਕੇ ’ਤੇ ਪਹੁੰਚੇ ਅਤੇ ਦੋਸਤਾਂ ਅਤੇ ਪਰਵਾਰ ਦੀ ਭਾਲ ਕਰ ਰਹੇ ਲੋਕਾਂ ਨੂੰ ਗਲੇ ਲਗਾਇਆ, ਕੁੱਝ ਦੇ ਚਿਹਰਿਆਂ ਤੋਂ ਹੰਝੂ ਵਹਿ ਰਹੇ ਸਨ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲ ਨਹੀਂ ਕੀਤੀ।

# ਪੈਨਸ਼ਨਰਾਂ ਨੂੰ 2014 ਦੀ ਸੋਧ ਤੋਂ ਪਹਿਲਾਂ ਸਾਂਝੇ ਵਿਕਲਪ ਦੀ ਵਰਤੋਂ ਨਾ ਕਰਨ ’ਤੇ ਉੱਚ ਪੈਨਸ਼ਨ ਲਾਭ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ: ਹਾਈ ਕੋਰਟ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹਜ਼ਾਰਾਂ ਸੇਵਾਮੁਕਤ ਕਰਮਚਾਰੀਆਂ ਨੂੰ ਲਾਭ ਪਹੁੰਚਾਉਣ ਵਾਲੇ ਇੱਕ ਫੈਸਲੇ ਵਿੱਚ ਕਰਮਚਾਰੀ ਭਵਿੱਖ ਨਿਧੀ ਸੰਗਠਨ (EPFO) ਦੇ ਉਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ ਕਿ ਸੇਵਾਮੁਕਤ ਕਰਮਚਾਰੀ ਜਿਨ੍ਹਾਂ ਨੇ 1 ਸਤੰਬਰ, 2014 ਤੋਂ ਪਹਿਲਾਂ ਸਾਂਝੇ ਵਿਕਲਪ ਦੀ ਵਰਤੋਂ ਨਹੀਂ ਕੀਤੀ ਸੀ, ਉਹ ਸੋਧੀ ਹੋਈ ਯੋਜਨਾ ਤਹਿਤ ਉੱਚ ਪੈਨਸ਼ਨ ਤੋਂ ਖ਼ੁਦ ਬਖ਼ੁਦ ਬਾਹਰ ਹੋ ਗਏ ਸਨ। ਜਸਟਿਸ ਸੁਰੇਸ਼ਵਰ ਠਾਕੁਰ ਅਤੇ ਜਸਟਿਸ ਐੱਚ.ਐੱਸ. ਗਰੇਵਾਲ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਅਜਿਹੇ ਕਰਮਚਾਰੀਆਂ ਨੂੰ ਉੱਚ ਪੈਨਸ਼ਨ ਤੋਂ ਮਨ੍ਹਾਂ ਕਰਨਾ ਗੈਰ-ਵਾਜਬ ਸੀ, ਕਿਉਂਕਿ ਉਨ੍ਹਾਂ ਦੀ ਸੇਵਾਮੁਕਤੀ ਦੇ ਸਮੇਂ ਲਾਗੂ ਸਕੀਮ ਨੇ ਸਾਂਝੇ ਵਿਕਲਪ ਦੀ ਵਰਤੋਂ ਲਈ ਕੋਈ ਸ਼ਰਤ ਨਿਰਧਾਰਤ ਨਹੀਂ ਕੀਤੀ ਸੀ।

ਬੈਂਚ ਨੇ ਕਿਹਾ ਕਿ ਪਟੀਸ਼ਨਰਾਂ ਦੇ ਦਾਅਵੇ ਨੂੰ ਇਸ ਆਧਾਰ ’ਤੇ ਰੱਦ ਕਰਨਾ ਕਿ ਉਨ੍ਹਾਂ ਨੇ ਕਿਸੇ ਵਿਕਲਪ ਦੀ ਵਰਤੋਂ ਨਹੀਂ ਕੀਤੀ ਸੀ, ਜਦੋਂ ਕਿ ਇੱਕ ਪ੍ਰਬੰਧ ਨੇ ਅਜਿਹੀ ਕੋਈ ਸ਼ਰਤ ਵੀ ਨਿਰਧਾਰਤ ਨਹੀਂ ਕੀਤੀ ਸੀ, ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਫੈਸਲਾ ‘EPFO ਬਨਾਮ ਸੁਨੀਲ ਕੁਮਾਰ ਬੀ’ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਜਾਰੀ ਕੀਤੇ ਗਏ EPFO ਦੇ ਲੜੀਵਾਰ (ਦਸੰਬਰ 29, 2022, ਜਨਵਰੀ 25, 2023, ਅਤੇ ਫਰਵਰੀ 20, 2023) ਸਰਕੂਲਰਾਂ ਨੂੰ ਚੁਣੌਤੀ ਦੇਣ ਵਾਲੀਆਂ 119 ਪਟੀਸ਼ਨਾਂ ’ਤੇ ਆਇਆ ਹੈ। ਇਨ੍ਹਾਂ ਸਰਕੂਲਰਾਂ ਅਨੁਸਾਰ ਕਰਮਚਾਰੀਆਂ ਨੂੰ ਇੱਕ ਵਾਰ ਫਿਰ ਉੱਚ ਪੈਨਸ਼ਨ ਲਈ ਯੋਗ ਹੋਣ ਲਈ ਸਾਂਝੇ ਵਿਕਲਪ ਦੀ ਵਰਤੋਂ ਕਰਨ ਦੀ ਲੋੜ ਸੀ, ਭਾਵੇਂ ਉਨ੍ਹਾਂ ਨੇ ਪਹਿਲਾਂ ਹੀ ਤਨਖਾਹ ਦੀ ਸੀਮਾ ਤੋਂ ਵੱਧ ਅਸਲ ਤਨਖਾਹਾਂ ’ਤੇ ਯੋਗਦਾਨ ਪਾਇਆ ਹੋਵੇ। ਬਹੁਤ ਸਾਰੇ ਮਾਮਲਿਆਂ ਵਿੱਚ, ਪੈਨਸ਼ਨ ਨੂੰ ਕਾਨੂੰਨੀ ਸੀਮਾ ਦੀ ਪਾਲਣਾ ਤੱਕ ਸੀਮਤ ਕਰ ਦਿੱਤਾ ਗਿਆ ਸੀ।

ਇੱਕ ਮੁੱਖ ਪਟੀਸ਼ਨ ਵਿੱਚ ਪੇਸ਼ ਹੁੰਦੇ ਹੋਏ ਸੀਨੀਅਰ ਵਕੀਲ ਡੀ.ਐਸ. ਪਟਵਾਲੀਆ ਨੇ ਵਕੀਲ ਗੌਰਵਜੀਤ ਐਸ. ਪਟਵਾਲੀਆ ਨਾਲ ਮਿਲ ਕੇ ਕਿਹਾ ਕਿ ਪਟੀਸ਼ਨਰਾਂ ਨੇ ਲਗਾਤਾਰ ਅਸਲ ਤਨਖਾਹਾਂ ’ਤੇ ਯੋਗਦਾਨ ਪਾਇਆ ਹੈ, ਫਿਰ ਵੀ ਉਨ੍ਹਾਂ ਨੂੰ ਮਨਮਾਨੇ ਢੰਗ ਨਾਲ ਲਾਭ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

ਇਹ ਵਿਵਾਦ 1 ਸਤੰਬਰ, 2014 ਨੂੰ ਕਰਮਚਾਰੀ ਪੈਨਸ਼ਨ ਸਕੀਮ (EPS), 1995 ਵਿੱਚ ਸੋਧ ਤੋਂ ਸ਼ੁਰੂ ਹੋਇਆ ਸੀ। ਕੇਂਦਰ ਨੇ ਪੈਨਸ਼ਨ ਯੋਗ ਤਨਖਾਹ ਲਈ ਉਜਰਤ ਦੀ ਸੀਮਾ 6,500 ਰੁਪਏ ਤੋਂ ਵਧਾ ਕੇ 15,000 ਰੁਪਏ ਕਰ ਦਿੱਤੀ ਅਤੇ ਪੈਰਾ 11(3) ਦੀ ਵਿਵਸਥਾ ਨੂੰ ਹਟਾ ਦਿੱਤਾ, ਜਿਸ ਨੇ ਪਹਿਲਾਂ ਕਰਮਚਾਰੀਆਂ ਨੂੰ ਮਾਲਕਾਂ ਦੇ ਨਾਲ, ਅਸਲ ਉਜਰਤਾਂ ’ਤੇ ਉੱਚ ਯੋਗਦਾਨ ਲਈ ਚੋਣ ਕਰਨ ਦੇ ਯੋਗ ਬਣਾਇਆ ਸੀ। ਇਸ ਤਬਦੀਲੀ ਨੇ ਨਵੇਂ ਉੱਚ ਯੋਗਦਾਨ ਲਈ ਦਰਵਾਜ਼ਾ ਬੰਦ ਕਰ ਦਿੱਤਾ, ਅਤੇ ਮੌਜੂਦਾ ਯੋਗਦਾਨੀਆਂ ਦੇ ਅਧਿਕਾਰਾਂ ਬਾਰੇ ਭੰਬਲਭੂਸਾ ਪੈਦਾ ਕਰ ਦਿੱਤਾ।

ਸੋਧ ਤੋਂ ਪਹਿਲਾਂ, ਸਾਂਝੇ ਵਿਕਲਪਾਂ ਦੀ ਵਰਤੋਂ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਸੀ। ‘‘ਆਰ.ਸੀ. ਗੁਪਤਾ ਬਨਾਮ ਖੇਤਰੀ ਭਵਿੱਖ ਨਿਧੀ ਕਮਿਸ਼ਨਰ” (2016) ਦੇ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਜੇ ਯੋਗਦਾਨ ਪਹਿਲਾਂ ਹੀ ਅਸਲ ਤਨਖਾਹ ’ਤੇ ਕੀਤਾ ਗਿਆ ਸੀ, ਤਾਂ ਇੱਕ ਵੱਖਰਾ ਸਾਂਝਾ ਵਿਕਲਪ ਜ਼ਰੂਰੀ ਨਹੀਂ ਸੀ। ਈਪੀਐਫਓ ਦੇ 2017 ਦੇ ਸਰਕੂਲਰ ਇਸ ਸਥਿਤੀ ਨੂੰ ਦਰਸਾਉਂਦੇ ਹਨ। ਹਾਲਾਂਕਿ, ਸੁਨੀਲ ਕੁਮਾਰ ਤੋਂ ਬਾਅਦ ਦੇ ਨਵੇਂ ਸਰਕੂਲਰਾਂ ਨੇ ਪਿਛਲੀ ਪਾਲਣਾ ਦੀ ਅਣਦੇਖੀ ਕਰਦੇ ਹੋਏ ਇੱਕ ਨਵੀਂ ਸ਼ਰਤ ਲਾਗੂ ਕੀਤੀ।

ਈਪੀਐਫਓ ਦੇ ਅਸਵੀਕਾਰ ਹੁਕਮਾਂ ਨੂੰ ਰੱਦ ਕਰਦੇ ਹੋਏ, ਹਾਈ ਕੋਰਟ ਨੇ ਪਟੀਸ਼ਨਰਾਂ ਦੇ ਦਾਅਵਿਆਂ ’ਤੇ ਮੁੜ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ। ਇਸ ਨੇ ਕਿਹਾ ਕਿ ਪੈਨਸ਼ਨਰਾਂ ਨੂੰ ਅਜਿਹੀ ਸ਼ਰਤ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਲਈ ਲਾਭਾਂ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਜੋ ਨਾ ਤਾਂ ਲਾਗੂ ਸੀ ਅਤੇ ਨਾ ਹੀ ਸੇਵਾਮੁਕਤ ਹੋਣ ’ਤੇ ਮੌਜੂਦ ਸੀ। ਇਸ ਫੈਸਲੇ ਦੇ ਦੇਸ਼ ਭਰ ਵਿੱਚ ਮਹੱਤਵਪੂਰਨ ਪ੍ਰਭਾਵ ਪੈਣ ਦੀ ਸੰਭਾਵਨਾ ਹੈ।

# ਗੁਰਪਤਵੰਤ ਪਨੂੰ ਨੂੰ ਲੈ ਕੇ ਸਿਹਤ ਮੰਤਰੀ ਬਲਬੀਰ ਸਿੰਘ ਦਾ ਵੱਡਾ ਬਿਆਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਚੰਡੀਗੜ੍ਹ: ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਖਾਲਿਸਤਾਨ ਸਮਰਥਕ ਗੁਰਪਤਵੰਤ ਪੰਨੂ ਵੱਲੋਂ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਬਾਰੇ ਕੀਤੀ ਗਈ ਅਪਮਾਨਜਨਕ ਟਿੱਪਣੀ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪੰਨੂ ਵਰਗੀਆਂ ਪੰਜਾਬ ਵਿਰੋਧੀ ਤਾਕਤਾਂ ਸੂਬੇ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ ਅਤੇ ਪੰਜਾਬ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਹਾਲਾਂਕਿ, ‘ਆਪ’ ਸਰਕਾਰ ਉਨ੍ਹਾਂ ਦੇ ਮਨਸੂਬਿਆਂ ਨੂੰ ਸਫਲ ਨਹੀਂ ਹੋਣ ਦੇਵੇਗੀ।

ਡਾ. ਬਲਬੀਰ ਨੇ ਜ਼ੋਰ ਦੇ ਕੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਕਿਸੇ ਇੱਕ ਜਾਤ ਜਾਂ ਧਰਮ ਨਾਲ ਸਬੰਧਤ ਨਹੀਂ ਹਨ; ਉਹ ਪੂਰੇ ਦੇਸ਼ ਨਾਲ ਸਬੰਧਤ ਹਨ, ਅਤੇ ਉਨ੍ਹਾਂ ਦੀ ਜਨਮ ਵਰ੍ਹੇਗੰਢ ਪੂਰੇ ਭਾਰਤ ਵਿੱਚ ਮਨਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਟਿੱਪਣੀ ਸਿਰਫ਼ ਪੰਜਾਬ ਦੇ ਲੋਕਾਂ ਨੂੰ ਭੜਕਾਉਣ ਲਈ ਕੀਤੀ ਗਈ ਸੀ।

ਉਨ੍ਹਾਂ ਅੱਗੇ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਨੇ ਹੀ ਬਾਬਾ ਸਾਹਿਬ ਨੂੰ ਬਣਦਾ ਸਤਿਕਾਰ ਦਿੱਤਾ ਹੈ। ‘ਆਪ’ ਸਰਕਾਰ ਬਣਨ ਤੋਂ ਬਾਅਦ, ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲਗਾਈਆਂ ਗਈਆਂ। ਸਾਡੀ ਸਰਕਾਰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਗੁਰਪਤਵੰਤ ਪੰਨੂ ਵਰਗੇ ਵਿਅਕਤੀ ਸਮਾਜ ਦੇ ਦੁਸ਼ਮਣ ਹਨ ਅਤੇ ਕਿਸੇ ਦੇ ਵੀ ਵਫ਼ਾਦਾਰ ਨਹੀਂ ਹਨ। ਇਸ ਲਈ, ਉਸਦੇ ਸ਼ਬਦਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਉਸਨੇ ਪੰਨੂ ਨੂੰ ਚੁਣੌਤੀ ਦਿੰਦੇ ਹੋਏ ਕਿਹਾ, “ਜੇ ਤੁਹਾਡੇ ਵਿੱਚ ਹਿੰਮਤ ਹੈ, ਤਾਂ ਪੰਜਾਬ ਆ ਕੇ ਇਹ ਗੱਲਾਂ ਕਹੋ।”

ਡਾ. ਬਲਬੀਰ ਨੇ ਕਿਹਾ ਕਿ ਸਾਰਾ ਪੰਜਾਬ ਹੁਣ ਅਜਿਹੇ ਲੋਕਾਂ ਤੋਂ ਜਾਣੂ ਹੈ, ਅਤੇ ਪੰਜਾਬ ਦੇ ਨਾਗਰਿਕ ਖੁਦ ਉਨ੍ਹਾਂ ਨੂੰ ਜਵਾਬ ਦੇਣਗੇ। ਇਸ ਦੌਰਾਨ, ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਅਪਰਾਧੀਆਂ ਅਤੇ ਗੈਂਗਸਟਰਾਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਹੀ ਹੈ। “ਅਸੀਂ ਕਿਸੇ ਵੀ ਕੀਮਤ ‘ਤੇ ਪੰਜਾਬ ਦਾ ਵਾਤਾਵਰਣ ਖਰਾਬ ਨਹੀਂ ਹੋਣ ਦੇਵਾਂਗੇ,” ਉਨ੍ਹਾਂ ਐਲਾਨ ਕੀਤਾ।

ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵੀ ਗੁਰਪਤਵੰਤ ਪੰਨੂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਵਿਰੁੱਧ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਦੀ ਸਖ਼ਤ ਨਿੰਦਾ ਕੀਤੀ, ਇਸਨੂੰ ਪੰਜਾਬ ਦੀ ਸਦਭਾਵਨਾ ਨੂੰ ਭੰਗ ਕਰਨ ਦੀ ਸਾਜ਼ਿਸ਼ ਦੱਸਿਆ।

ਦੇਵ ਮਾਨ ਨੇ ਕਿਹਾ ਕਿ ਪੰਜਾਬ ਦੀ ਭਾਈਚਾਰਕ ਸਾਂਝ ਬਹੁਤ ਮਜ਼ਬੂਤ ਅਤੇ ਅਟੁੱਟ ਹੈ। ਉਨ੍ਹਾਂ ਕਿਹਾ ਕਿ ਗੁਰਪਤਵੰਤ ਪੰਨੂ ਨੂੰ ਸਿੱਖ ਧਰਮ ਦਾ ਕੋਈ ਗਿਆਨ ਨਹੀਂ ਹੈ, ਕਿਉਂਕਿ ਸਾਡੇ ਗੁਰੂਆਂ ਨੇ ਬਰਾਬਰੀ ਸਿਖਾਈ ਅਤੇ ਸਾਰਿਆਂ ਦੀ ਭਲਾਈ ਦਾ ਉਪਦੇਸ਼ ਦਿੱਤਾ। ਇਸੇ ਕਰਕੇ ਪੰਜਾਬ ਵਿੱਚ ਦੇਸ਼ ਭਰ ਵਿੱਚ ਸਭ ਤੋਂ ਵੱਧ ਦਲਿਤ ਆਬਾਦੀ ਅਨੁਪਾਤ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਬਿਆਨ ਸਾਨੂੰ ਡਰਾਉਣ ਵਾਲੇ ਨਹੀਂ ਹਨ। “14 ਤਰੀਕ ਨੂੰ, ਅਸੀਂ ਬਾਬਾ ਸਾਹਿਬ ਦੀ ਜਯੰਤੀ ਸ਼ਾਨੋ-ਸ਼ੌਕਤ ਨਾਲ ਮਨਾਵਾਂਗੇ, ਪੰਜਾਬ ਭਰ ਵਿੱਚ ਉਨ੍ਹਾਂ ਦੀਆਂ ਮੂਰਤੀਆਂ ਦੀ ਰੱਖਿਆ ਕਰਾਂਗੇ, ਅਤੇ ਜੇਕਰ ਕੋਈ ਵੀ ਕੋਈ ਗਲਤ ਕੰਮ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਉਸਨੂੰ ਢੁਕਵੇਂ ਨਤੀਜੇ ਭੁਗਤਣੇ ਪੈਣਗੇ,” ਉਸਨੇ ਜ਼ੋਰ ਦੇ ਕੇ ਕਿਹਾ।

# 14 ਅਪ੍ਰੈਲ ਨੂੰ ਮਨਾਇਆ ਜਾਵੇਗਾ ਬਾਬੇ ਨਾਨਕ ਜੀ ਦਾ ਪ੍ਰਕਾਸ਼ ਪੁਰਬ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 8 ਅਪ੍ਰੈਲ ( ਅੰਗਰੇਜ਼ ਬਰਾੜ ) - ਉੱਘੇ ਸਮਾਜ ਸੇਵੀ ਸਰਦਾਰ ਭਾਗ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ 15 ਅਪ੍ਰੈਲ ਦਾ ਹੈ! ਉਨਾਂ ਦੱਸਿਆ ਕਿ ਪਰ ਸਾਡੇ ਲੋਕ ਕੱਤਕ ਦੀ ਪੂਰਨਮਾਸ਼ੀ ਨੂੰ ਬਾਬਾ ਨਾਨਕ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਆ ਰਹੇ ਹਨ ਪਰ ਉਹ ਬਾਬਾ ਨਾਨਕ ਜੀ ਦਾ ਪ੍ਰਕਾਸ਼ ਪੁਰਬ 14 ਅਪ੍ਰੈਲ ਨੂੰ ਮੁਹਾਲੀ ਵਿਖੇ ਮਨਾ ਰਹੇ ਹਨ! ਸਰਦਾਰ ਭਾਗ ਸਿੰਘ ਨੇ ਅੱਗੇ ਦੱਸਿਆ ਕਿ ਬਾਬਾ ਨਾਨਕ ਜੀ ਦੇ ਪ੍ਰਕਾਸ਼ ਪੁਰਬ ਮੌਕੇ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ! ਉਹਨਾਂ ਲੋਕਾਂ ਨੂੰ ਵੱਧ ਤੋਂ ਵੱਧ ਇਸ ਧਾਰਮਿਕ ਸਮਾਗਮ ਵਿੱਚ ਹਾਜ਼ਰ ਹੋਣ



ਦੀ ਅਪੀਲ ਕੀਤੀ

# ਡਿਪਟੀ ਮੇਅਰ ਕੁਲਜੀਤ ਬੇਦੀ ਨੇ ਵਿਧਾਇਕ ਜੋੜੇਮਾਜਰਾ ਵੱਲੋਂ ਅਧਿਆਪਕਾਂ ਨਾਲ ਕੀਤੇ ਵਿਹਾਰ ਦੀ ਕੀਤੀ ਸਖ਼ਤ ਨਿਖੇਧੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਮੋਹਾਲੀ ਨਗਰ ਨਿਗਮ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਕਿਹਾ ਕਿ ਅਧਿਆਪਕਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਵਲੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਚੇਤਨ ਸਿੰਘ ਜੋੜੇ ਮਾਜਰਾ ਵੱਲੋਂ “ਸਿੱਖਿਆ ਕ੍ਰਾਂਤੀ” ਦੇ ਨਾਂ ‘ਤੇ ਕਰਵਾਏ ਗਏ ਇੱਕ ਸਮਾਗਮ ਵਿੱਚ ਅਧਿਆਪਕਾਂ ਨਾਲ ਕੀਤੇ ਗਏ ਅਭੱਦਰ ਵਿਵਹਾਰ ਦੀ ਕੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਡਿਪਟੀ ਮੇਅਰ ਨੇ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਹੈ ਕਿ ਜੋ ਅਧਿਆਪਕ ਰੋਜ਼ਾਨਾ ਮਿਹਨਤ ਕਰਕੇ ਪੰਜਾਬ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖਿਆ ਦੇ ਕੇ ਸਹੀ ਰਸਤਾ ਦਿਖਾ ਰਹੇ ਹਨ ਅਤੇ ਉਹਨਾਂ ਦਾ ਭਵਿੱਖ ਰੋਸ਼ਨ ਕਰਨ ਲਈ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਵੱਲੋਂ ਜਨਤਕ ਤੌਰ ‘ਤੇ ਬੇਇੱਜਤ ਕੀਤਾ ਗਿਆ।

ਉਹਨਾਂ ਦਾਅਵਾ ਕੀਤਾ ਕਿ ਸਮਾਗਮ ਦੌਰਾਨ ਵਿਧਾਇਕ ਨੇ ਸਟੇਜ ਤੋਂ ਮਾਈਕ ‘ਤੇ ਬੋਲਦੇ ਹੋਏ ਨਾ ਸਿਰਫ ਬੱਚਿਆਂ ਨੂੰ ਡਾਂਟਿਆ, ਬਲਕਿ ਅਧਿਆਪਕਾਂ ਨੂੰ ਵੀ ਬਹੁਤ ਹੀ ਅਪਮਾਨਜਨਕ ਸ਼ਬਦਾਂ ਵਿੱਚ ਫਟਕਾਰਿਆ। ਵਿਧਾਇਕ ਦੇ ਸ਼ਬਦ “ਤੁਸੀਂ ਕੀ ਪੜ੍ਹਾਉਂਦੇ ਹੋਵੇਗੇ?”, “ਸਾਰੇ ਅਧਿਆਪਕਾਂ ਦੀ ਸ਼ਿਕਾਇਤ ਅੱਜ ਹੀ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨੂੰ ਭੇਜਾਂਗਾ” ਵਰਗੇ ਬਿਆਨ ਨਾ ਸਿਰਫ ਬੇਲੋੜੀਂਦੇ ਸਨ, ਸਗੋਂ ਸਾਰੇ ਸਿੱਖਿਆ ਤੰਤਰ ਦੀ ਬੇਇਜ਼ਤੀ ਹਨ।

ਡਿਪਟੀ ਮੇਅਰ ਬੇਦੀ ਨੇ ਮੰਗ ਕੀਤੀ ਕਿ ਵਿਧਾਇਕ ਚੇਤਨ ਸਿੰਘ ਜੋੜੇ ਮਾਜਰਾ ਨੂੰ ਆਪਣੇ ਘਟੀਆ ਅਤੇ ਅਸੰਵੇਦਨਸ਼ੀਲ ਵਿਵਹਾਰ ਲਈ ਜਨਤਕ ਤੌਰ ‘ਤੇ ਅਧਿਆਪਕਾਂ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਉਨ੍ਹਾਂ ਦੀ ਬੇਇਜ਼ਤੀ, ਸਾਰੇ ਸਮਾਜ ਦੇ ਮਾਣ ਨੂੰ ਠੇਸ ਪਹੁੰਚਾਉਂਦੀ ਹੈ।ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਸਮਾਗਮ ਦਾ ਇੱਕ ਵੀਡੀਓ ਵੀ ਸੋਸ਼ਲ



ਮੀਡੀਆ ‘ਤੇ ਵਾਇਰਲ ਹੋ ਰਿਹਾ ਹੈ, ਜਿਸ ‘ਚ ਮੰਤਰੀ ਦੇ ਵਿਵਹਾਰ ਨੂੰ ਸਾਫ਼ ਦੇਖਿਆ ਤੇ ਸੁਣਿਆ ਜਾ ਸਕਦਾ ਹੈ।

ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਕਿਹਾ ਕਿ ਇਸ ਵਿਧਾਇਕ ਦਾ ਪੁਰਾਣਾ ਰਿਕਾਰਡ ਵੀ ਇਹੀ ਰਿਹਾ ਹੈ ਕਿ ਆਪਣੇ ਵਿਭਾਗਾਂ ਅਧੀਨ ਅਧਿਕਾਰੀਆਂ ਦੀ ਇਹ ਸਰੇਆਮ ਬੇਇਜ਼ਤੀ ਕਰਦਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਇਸ ਵਿਧਾਇਕ ਨੂੰ ਪਾਰਟੀ ਵਿੱਚੋਂ ਬਰਖਾਸਤ ਕੀਤਾ ਜਾਵੇ।

# ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਵੱਲੋਂ ਲਾਰੈਂਸ ਬਿਸ਼ਨੋਈ-ਰੋਹਿਤ ਗੋਦਾਰਾ ਗੈਂਗ ਦੇ ਦੋ ਕਾਰਕੁਨ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸੰਗਠਿਤ ਅਪਰਾਧ ਨੂੰ ਠੱਲ੍ਹ ਪਾਉਣ ਲਈ ਜਾਰੀ ਜੰਗ ਤਹਿਤ ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਲਾਰੈਂਸ ਬਿਸ਼ਨੋਈ-ਰੋਹਿਤ ਗੋਦਾਰਾ ਗੈਂਗ ਦੇ ਦੋ ਸਰਗਰਮ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .32 ਕੈਲੀਬਰ ਪਿਸਤੌਲ ਬਰਾਮਦ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਦੱਸਣਯੋਗ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸ਼ਨਦੀਪ ਸਿੰਘ ਉਰਫ਼ ਜਸ਼ਨ ਸੰਧੂ ਵਾਸੀ ਪਿੰਡ 25 ਮਲ, ਜ਼ਿਲ੍ਹਾ ਸ੍ਰੀ ਗੰਗਾਨਗਰ, ਰਾਜਸਥਾਨ ਅਤੇ ਗੁਰਸੇਵਕ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁਲਜ਼ਮ ਜਸ਼ਨ ਸੰਧੂ ਰਾਜਸਥਾਨ ਦੇ ਗੰਗਾਨਗਰ ਵਿੱਚ ਸਾਲ 2023 ਦੇ




ਕਤਲ ਕੇਸ ਵਿੱਚ ਲੋੜੀਂਦਾ ਸੀ ਅਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਜਾਰਜੀਆ, ਅਜ਼ਰਬਾਈਜਾਨ, ਸਾਊਦੀ ਅਰਬ ਅਤੇ ਦੁਬਈ ਵਿੱਚ ਲਗਾਤਾਰ ਠਿਕਾਣੇ ਬਦਲ ਰਿਹਾ ਸੀ। ਉਹਨਾਂ ਅੱਗੇ ਦੱਸਿਆ ਕਿ ਹਾਲ ਹੀ ਵਿੱਚ, ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਦੋਸ਼ੀ ਜਸ਼ਨ ਦੁਬਈ ਤੋਂ ਨੇਪਾਲ ਪਹੁੰਚਿਆ ਅਤੇ ਕਾਨੂੰਨ ਤੋਂ ਬਚਣ ਲਈ ਸੜਕ ਰਾਹੀਂ ਭਾਰਤ ਵਿੱਚ ਦਾਖਲ ਹੋਇਆ।

ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਜਸ਼ਨ ਨੇ ਗਿਰੋਹ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਉਸ ਤੋਂ ਪੁੱਛਗਿੱਛ ਉਪਰੰਤ ਵਿਦੇਸ਼ੀ ਹਵਾਲਾ ਆਪਰੇਟਰਾਂ, ਟ੍ਰੈਵਲ ਏਜੰਟਾਂ ਅਤੇ ਵਿਦੇਸ਼ਾਂ ਵਿੱਚ ਲੁਕੇ ਭਗੌੜੇ ਗੈਂਗਸਟਰਾਂ ਦੇ ਟਿਕਾਣਿਆਂ ਬਾਰੇ ਜਾਣਕਾਰੀ ਮਿਲੀ ਹੈ, ਜੋ ਕਿ ਇਹਨਾਂ ਨੈੱਟਵਰਕਾਂ ਨੂੰ ਠੱਲ੍ਹ ਪਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਦੱਸਿਆ ਕਿ ਜਸ਼ਨ ਦੇ ਨੇਪਾਲ ਵਿੱਚ ਪਹੁੰਚਣ ਤੋਂ ਬਾਅਦ ਸੜਕ ਰਾਹੀਂ ਭਾਰਤ ਵਿੱਚ ਦਾਖਲ ਹੋਣ ਬਾਰੇ ਮਿਲੀ ਖਾਸ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਏਆਈਜੀ ਗੁਰਮੀਤ ਚੌਹਾਨ ਦੀ ਨਿਗਰਾਨੀ ਹੇਠ ਅਤੇ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਏਜੀਟੀਐਫ ਦੀਆਂ ਵਿਸ਼ੇਸ਼ ਆਪ੍ਰੇਸ਼ਨ ਟੀਮਾਂ ਨੇ ਜਸ਼ਨ ਨੂੰ ਉਸਦੇ ਸਾਥੀ ਗੁਰਸੇਵਕ ਸਮੇਤ ਸਫਲਤਾਪੂਰਵਕ ਟਰੇਸ ਕਰਕੇ ਉਨ੍ਹਾਂ ਨੂੰ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ .32 ਕੈਲੀਬਰ ਪਿਸਤੌਲ ਅਤੇ ਸੱਤ ਕਾਰਤੂਸ ਬਰਾਮਦ ਕੀਤੇ ਹਨ।

ਏਆਈਜੀ ਗੁਰਮੀਤ ਚੌਹਾਨ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਗੁਰਸੇਵਕ ਆਪਣੇ ਸਾਥੀ ਜਸ਼ਨ ਰਾਹੀਂ ਲਾਰੈਂਸ ਗੈਂਗ ਦੇ ਮੈਂਬਰਾਂ ਦੇ ਸੰਪਰਕ ਵਿੱਚ ਆਇਆ ਸੀ ਅਤੇ ਉਨ੍ਹਾਂ ਵੱਲੋਂ ਸਥਾਨਕ ਤੌਰ 'ਤੇ ਕੰਮ ਕਰ ਰਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀਆਂ ਵੱਲੋਂ ਕੀਤੇ ਖੁਲਾਸਿਆਂ ਤੋਂ ਇਹ ਵੀ ਪਤਾ ਲੱਗਾ ਕਿ ਰੋਹਿਤ ਗੋਦਾਰਾ ਪੰਜਾਬ ਅਤੇ ਨਵੀਂ ਦਿੱਲੀ ਵਿੱਚ ਕੁਝ ਉੱਘੇ ਵਿਅਕਤੀਆਂ ਦੇ ਕਤਲ ਦੀ ਯੋਜਨਾ ਬਣਾ ਰਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਹਨਾਂ ਦੀ ਗ੍ਰਿਫ਼ਤਾਰੀ ਨਾਲ ਸਨਸਨੀਖੇਜ਼ ਅਪਰਾਧਾਂ ਨੂੰ ਟਾਲਣ ਵਿੱਚ ਮਹੱਤਵਪੂਰਨ ਸਫਲਤਾ ਮਿਲੀ ਹੈ।

ਏਆਈਜੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਐਸਏਐਸ ਨਗਰ ਥਾਣਾ ਸਟੇਟ ਕ੍ਰਾਈਮ ਪੰਜਾਬ ਵਿਖੇ ਅਸਲਾ ਐਕਟ ਦੀ ਧਾਰਾ 25 (6)(7) ਤਹਿਤ ਐਫਆਈਆਰ ਨੰਬਰ 02 ਮਿਤੀ 07/04/2025 ਦਰਜ ਕੀਤੀ ਗਈ ਹੈ।

# ਅਧਿਆਪਕਾਂ ਨੂੰ ਬੋਲੇ ਅਪਸ਼ਬਦਾਂ ਲਈ ਜੌੜਾਮਾਜਰਾ ਮੁਆਫ਼ੀ ਮੰਗਣ: ਡੀਟੀਐੱਫ

## ਸੂਬਾ ਸਰਕਾਰ ਨੂੰ ਸਕੂਲਾਂ 'ਚ ਸਿਆਸੀ ਦਖਲਅੰਦਾਜ਼ੀ ਬੰਦ ਕਰਨ ਦੀ ਨਸੀਹਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਡੈਮੋਕਰੈਟਿਕ ਟੀਚਰਜ਼ ਫਰੰਟ (ਡੀਟੀਐੱਫ) ਨੇ 'ਆਪ' ਸਰਕਾਰ 'ਤੇ ਸਰਕਾਰੀ ਸਕੂਲਾਂ ਦਾ ਸਿਆਸੀਕਰਨ ਕਰਨ ਦੇ ਦੋਸ਼ ਲਾਏ ਹਨ। ਡੀਟੀਐੱਫ ਆਗੂਆਂ ਨੇ ਸੋਮਵਾਰ ਨੂੰ ਸਿੱਖਿਆ ਕ੍ਰਾਂਤੀ ਨੂੰ ਪ੍ਰਫੁੱਲਤ ਕਰਨ ਦੇ ਨਾਮ 'ਤੇ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿਚ 'ਆਪ' ਵਿਧਾਇਕਾਂ ਨੂੰ ਭੇਜਣ ਦੀ ਕਾਰਵਾਈ ਦੇ ਹਵਾਲੇ ਨਾਲ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਸਕੂਲਾਂ 'ਚ ਸਿਆਸੀ ਦਖਲਅੰਦਾਜ਼ੀ ਬੰਦ ਕਰੇ।

ਜਥੇਬੰਦੀ ਨੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜੇਮਾਜਰਾ 'ਤੇ ਅਜਿਹੇ ਹੀ ਇੱਕ ਸਮਾਗਮ ਦੌਰਾਨ ਸਕੂਲ ਦੀ ਸਟੇਜ ਤੋਂ ਅਧਿਆਪਕਾਂ ਦੀ ਲਾਹਪਾਹ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਅਧਿਆਪਕ ਵਰਗ ਸਕੂਲਾਂ 'ਚ ਅਜਿਹਾ ਬਦਸੂਰਤ ਮਾਹੌਲ ਸਿਰਜਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਅਧਿਆਪਕ ਵਰਗ ਦੇ ਮਾਣ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਵਿਧਾਇਕ ਜੌੜਾਮਾਜਰਾ ਬਿਨਾਂ ਸ਼ਰਤ ਮੁਆਫ਼ੀ ਮੰਗਣ।

ਇਥੇ ਜਾਰੀ ਇੱਕ ਬਿਆਨ 'ਚ ਜਥੇਬੰਦੀ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਰੱਖੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਲਗਾਤਾਰ ਖ਼ਦਸ਼ਾ ਜ਼ਾਹਿਰ ਕੀਤਾ ਜਾਂਦਾ ਰਿਹਾ ਹੈ ਕਿ ਸਕੂਲਾਂ ਦੇ ਸੰਵੇਦਨਸ਼ੀਲ ਮਾਹੌਲ ਦਾ ਸਿਆਸੀਕਰਨ ਵਿੱਦਿਅਕ ਮਾਹੌਲ ਨੂੰ ਖਰਾਬ ਕਰੇਗਾ। ਇਸ ਦੀ ਤਾਜ਼ਾ ਮਿਸਾਲ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਇੱਕ ਸਰਕਾਰੀ ਸਕੂਲ 'ਚ ਅਧਿਆਪਕਾਂ ਨੂੰ ਬੋਲੇ ਕਥਿਤ ਅਪਸ਼ਬਦ ਹਨ।

ਅਧਿਆਪਕ ਆਗੂਆਂ ਨੇ ਸਰਕਾਰ ਤੋਂ ਸਕੂਲਾਂ ਨੂੰ ਸਿਆਸੀ ਹਿਤਾਂ ਲਈ ਵਰਤਣ ਤੋਂ ਗੁਰੇਜ਼ ਕਰਨ ਦੀ ਮੰਗ ਕਰਦਿਆਂ ਅਜਿਹੇ ਬੇਲੋੜੇ ਪ੍ਰੋਗਰਾਮਾਂ ਨੂੰ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜੇ ਕੁਝ ਦਿਨ ਪਹਿਲਾਂ ਹੀ ਸਕੂਲਾਂ ਦੇ ਸਾਲਾਨਾ ਨਤੀਜੇ ਐਲਾਨਣ ਲਈ ਕੀਤੀਆਂ ਗਈਆਂ ਪੀਟੀਐੱਮ ਵਿੱਚ ਵਿਦਿਆਰਥੀਆਂ ਸਮੇਤ ਮਾਪਿਆਂ ਵੱਲੋਂ ਵੱਡੀ ਗਿਣਤੀ ਸਮੂਲੀਅਤ ਕੀਤੀ ਗਈ ਸੀ। ਜਦਕਿ ਹੁਣ ਸਕੂਲਾਂ ਅੰਦਰ ਦਾਖਲਿਆਂ ਦਾ ਮਾਹੌਲ ਹੋਣ ਕਾਰਨ ਕਿਤਾਬਾਂ ਦੀ ਵੰਡ ਵੰਡਾਈ ਤੇ ਯੂਡਾਇਸ ਸਮੇਤ ਹੋਰ ਰੁਝੇਵੇਂ ਅਧਿਆਪਕਾਂ ਨੂੰ



ਸਿਰ ਖੁਰਕਣ ਦੀ ਵਿਹਲ ਨਹੀਂ ਦੇ ਰਹੇ। ਜਿਸ ਕਰਕੇ ਅਜਿਹੇ ਸਮੇਂ ਸਕੂਲਾਂ ਨੂੰ ਸਿਆਸੀ ਅਖਾੜੇ ਬਣਾ ਕੇ ਵਿਦਿਅਕ ਮਾਹੌਲ ਨੂੰ ਹੋਰ ਨਿਵਾਣ ਵੱਲ ਧੱਕਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪਟਿਆਲਾ ਜ਼ਿਲ੍ਹੇ ਦੇ ਇੱਕ ਸਰਕਾਰੀ ਸਕੂਲ ਵਿਚਲੇ ਅਜਿਹੇ ਇੱਕ ਸਮਾਗਮ ਨੂੰ ਸੰਬੋਧਨ ਦੌਰਾਨ ਅਧਿਆਪਕਾਂ ਦੀ ਲਾਹ ਪਾਹ ਕਰਦਿਆਂ ਵਿਧਾਇਕ ਜੌੜਾਮਾਜਰਾ ਦੀ ਇੱਕ ਵੀਡੀਓ ਕਲਿੱਪ ਵੱਡੇ ਪੱਧਰ 'ਤੇ ਵਾਇਰਲ ਹੋ ਰਹੀ ਹੈ।

# ਸਰਕਾਰੀ ਮੁਲਾਜ਼ਮਾਂ ਲਈ ਅਹਿਮ ਖ਼ਬਰ : ਭੁਗਤਾਨ ਕਰਨ 'ਚ ਦੇਰੀ ਹੋਈ ਤਾਂ ਬੈਂਕ ਦੇਵੇਗਾ ਵਿਆਜ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਸਰਕਾਰੀ ਮੁਲਾਜ਼ਮਾਂ ਲਈ ਇਹ ਅਹਿਮ ਖ਼ਬਰ ਹੈ ਕਿ ਜੇਕਰ ਹੁਣ ਪੈਨਸ਼ਨ ਭੁਗਤਾਨ ਕਰਨ ਵਿੱਚ ਦੇਰੀ ਹੋਈ ਤਾਂ ਬੈਂਕ ਨੂੰ ਵਿਆਜ਼ ਦੇਣਾ ਪਵੇਗਾ। ਭਾਰਤੀ ਰਜਿਰਵ ਬੈਂਕ (RBI) ਵੱਲੋਂ ਹੁਕਮ ਜਾਰੀ ਕੀਤੇ ਗਏ ਹਨ। ਸੇਵਾ ਮੁਕਤ ਕੇਂਦਰੀ ਅਤੇ ਸੂਬਾ ਸਰਕਾਰ ਦੇ ਮੁਲਾਜ਼ਮਾਂ ਨੂੰ ਪੈਨਸ਼ਨ ਵੰਡਣ ਲਈ ਜ਼ਿੰਮੇਵਾਰ ਸਾਰੇ ਬੈਂਕਾਂ ਨੂੰ ਹੁਣ ਪੈਨਸ਼ਨ ਭੁਗਤਾਨ ਵਿੱਚ ਕਿਸੇ ਵੀ ਦੇਰੀ ਲਈ 8 ਫੀਸਦੀ ਪ੍ਰਤੀ ਸਾਲ ਦਾ ਵਿਆਜ਼ ਦੇਣਾ ਜ਼ਰੂਰੀ ਹੈ। ਆਰਬੀਆਈ ਦੇ ਮਾਸਟਰ ਸਰਕੂਲਰ ਵਿੱਚ ਵਾਧਾ ਇਸ ਜ਼ਰੂਰਤਾਂ ਦਾ ਉਦੇਸ਼ ਪੈਨਸ਼ਨਕਾਰਾਂ ਨੂੰ ਉਨ੍ਹਾਂ ਦੇ ਬਕਾਏ ਦੀ ਦੇਰੀ ਨਾਲ ਭੁਗਤਾਨ ਲਈ ਹੋਏ ਨੁਕਸਾਨ ਦੀ ਪੂਰਤੀ ਕਰਨਾ ਹੈ।

ਸਰਕੂਲਰ ਅਨੁਸਾਰ, 'ਪੈਨਸ਼ਨ ਭੁਗਤਾਨ ਕਰਨ ਵਾਲੇ ਬੈਂਕਾਂ ਨੂੰ ਪੈਨਸ਼ਨ/ਬਕਾਇਆ ਰਕਮ ਜਮ੍ਹਾਂ ਕਰਨ ਵਿੱਚ ਦੇਰੀ ਲਈ ਪੈਨਸ਼ਨ ਭੋਗੀ ਨੂੰ ਭੁਗਤਾਨ ਦੀ ਨਿਯਤ ਮਿਤੀ ਤੋਂ ਬਾਅਦ 8 ਫੀਸਦੀ ਪ੍ਰਤੀ ਸਾਲ ਦੀ ਨਿਸ਼ਚਿਤ ਵਿਆਜ ਦਰ ਨਾਲ ਭੁਗਤਾਨ ਦੇਣਾ ਚਾਹੀਦਾ।' ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਕਿ ਇਹ ਮੁਆਵਜ਼ਾ ਪੈਨਸ਼ਨ ਧਾਰਕਾ ਨੂੰ ਕਿਸੇ ਵੀ ਦਾਅਵੇ ਦੀ ਜ਼ਰੂਰਤ ਦੇ ਬਿਨਾਂ ਆਟੋਮੈਟਿਕ ਰੂਪ ਵਿੱਚ ਪ੍ਰਦਾਨ ਕੀਤਾ ਜਾਵੇਗਾ। ਤੈਅ ਪੇਮੈਂਟ ਡੇਟ ਦੇ ਬਾਅਦ ਹੋਣ ਵਾਲੀ ਕਿਸੇ ਵੀ ਦੇਰੀ ਲਈ ਮੁਆਵਜ਼ਾ 8 ਫੀਸਦੀ



ਪ੍ਰਤੀ ਸਾਲ ਦੀ ਨਿਸ਼ਚਿਤ ਵਿਆਜ ਦਰ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਵਿਆਜ਼ ਉਸੇ ਦਿਨ ਪੈਨਸ਼ਨਕਾਰ ਦੇ ਖਾਤੇ ਵਿੱਚ ਜਮ੍ਹਾਂ ਕੀਤਾ ਜਾਵੇਗਾ ਜਿਸ ਦਿਨ ਬੈਂਕ ਸੰਸ਼ੋਧਿਤ ਪੈਨਸ਼ਨ ਜਾਂ ਪੈਨਸ਼ਨ ਬਕਾਇਆ ਰਕਮ ਸੰਸਾਧਿਤ ਕਰੇਗਾ, ਜੋ 1 ਅਕਤੂਬਰ 2008 ਤੋਂ ਸਾਰੇ ਲੇਟ ਭੁਗਤਾਨ ਉਤੇ ਲਾਗੂ ਹੋਵੇਗਾ।

# ਕੋਟਕਪੂਰਾ ਦੇ ਪਿੰਡ ਖਾਰਾ ਤੋਂ ਮੰਦਭਾਗੀ ਖ਼ਬਰ, ਸਰੋਵਰ 'ਚ ਡੁੱਬਣ ਕਾਰਨ ਦੋ ਚਚੇਰੇ ਭਰਾਵਾਂ ਦੀ ਮੌਤ

## ਗੁਰਦੁਆਰਾ ਸ਼੍ਰੀ ਰਾਮਸਰ ਸਾਹਿਬ 'ਚ ਕਰ ਰਹੇ ਸੀ ਇਸ਼ਨਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਕੋਟਕਪੂਰਾ: ਕੋਟਕਪੂਰਾ ਦੇ ਨੇੜਲੇ ਪਿੰਡ ਖਾਰਾ ਵਿਖੇ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ। ਇੱਥੋਂ ਦੇ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸਰੋਵਰ ਵਿੱਚ ਡੁੱਬਣ ਕਾਰਨ ਦੋ ਚਚੇਰੇ ਭਰਾਵਾਂ ਦੀ ਮੌਤ ਹੋ ਗਈ ਜਿਸ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਮ੍ਰਿਤਕ ਬੱਚਿਆਂ ਦੀ ਪਹਿਚਾਣ ਲਵਪ੍ਰੀਤ ਸਿੰਘ(14) ਉਰਫ ਲੱਭੀ ਪੁੱਤਰ ਬਲਵਿੰਦਰ ਸਿੰਘ ਅਤੇ,ਹਰਮਨ ਸਿੰਘ(14) ਪੁੱਤਰ ਚੜ੍ਹਤ ਸਿੰਘ ਵਜੋਂ ਹੋਈ।





ਜਾਣਕਾਰੀ ਮੁਤਾਬਕ ਇਸ ਗੁਰਦੁਆਰਾ ਸਾਹਿਬ ਵਿੱਚ ਪਿੰਡ ਨਾਲ ਸੰਬੰਧਿਤ ਇੱਕ ਪਰਿਵਾਰ ਦੇ ਘਰ ਹੋਈ ਮੌਤ ਦੇ ਸਬੰਧ ਵਿੱਚ ਪਾਠ ਦਾ ਭੋਗ ਰੱਖਿਆ ਗਿਆ ਸੀ ਜਿਸ ਵਿੱਚ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਸ਼ਾਮਿਲ ਹੋਏ ਸਨ ਇਸੇ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਆਏ ਇਸ ਪਿੰਡ ਦੇ ਰਹਿਣ ਵਾਲੇ ਬੱਚੇ ਗੁਰੂ ਸਰੋਵਰ ਨੇੜੇ ਖੜ੍ਹੇ ਸਨ ਜਿੱਥੇ ਕਿ ਇੱਕ ਬੱਚੇ ਦਾ ਪੈਰ ਸਰੋਵਰ ਵਿੱਚ ਜਿੱਥੇ ਕਿ ਇੱਕ ਬੱਚਾ ਪੈਰ ਫਿਸਲਣ ਕਾਰਨ ਸਰੋਵਰ ਵਿੱਚ ਡਿੱਗ ਗਿਆ ਅਤੇ ਉਸ ਨੂੰ ਬਚਾਉਣ ਲਈ ਸਰੋਵਰ ਵਿੱਚ ਉਤਰਿਆ ਦੂਜਾ ਬੱਚਾ ਵੀ ਡੁੱਬ ਗਿਆ ਸੂਚਨਾ ਮਿਲਣ ਸਾਰ ਹੀ ਪਿੰਡ ਵਾਸੀਆਂ ਨੇ ਦੋਹਾਂ ਨੂੰ ਬਾਹਰ ਕੱਢਿਆ ਅਤੇ ਕੋਟਪੂਰਾ ਦੇ ਹਸਪਤਾਲ ਵਿਖੇ ਪਹੁੰਚਾਇਆ ਜਿੱਥੇ ਕਿ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤ ਐਲਾਨ ਕਰ ਦਿੱਤਾ।

ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਨਰਿੰਦਰ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ ਸਾਰ ਹੀ ਦੋਹਾਂ ਬੱਚਿਆਂ ਨੂੰ ਬਾਹਰ ਕੱਢ ਲਿਆ ਸੀ ਲੇਕਿਨ ਉਨ੍ਹਾਂ ਦੀ ਮੌਤ ਹੋ ਗਈ।

ਇਸ ਮਾਮਲੇ ਵਿੱਚ ਪਿੰਡ ਦੇ ਸਰਪੰਚ ਜੱਗਾ ਸਿੰਘ ਨੇ ਕਿਹਾ ਕਿ ਦੋਹੇ ਬੱਚੇ ਕਬੱਡੀ ਦੇ ਖਿਡਾਰੀ ਸਨ ਅਤੇ ਬਹੁਤ ਹੀ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਹਨਾਂ ਕਿਹਾ ਕਿ ਪਿੰਡ ਵਾਸੀਆਂ ਦੇ ਨਾਲ ਨਾਲ ਪੰਚਾਇਤ ਵੱਲੋਂ ਵੀ ਪਰਿਵਾਰ ਦੀ ਮਦਦ ਕੀਤੀ ਜਾਵੇਗੀ। ਨਾਲ ਹੀ ਉਨ੍ਹਾਂ ਨੇ ਪ੍ਰਸ਼ਾਸਨ ਅਤੇ ਸਰਕਾਰ ਤੋਂ ਵੀ ਪਰਿਵਾਰਾਂ ਦੀ ਮਾਲੀ ਮਦਦ ਦੀ ਗੁਹਾਰ ਲਾਈ ਹੈ।

# ਐੱਫਆਈਆਰ ਦਰਜ ਕਰਨ 'ਚ ਦੇਰੀ ਕਰਨ 'ਤੇ ਪੰਜਾਬ ਪੁਲਿਸ ਦਾ ਐਸਐਚਓ ਮੁਅੱਤਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਗੁਰਦਾਸਪੁਰ ਜ਼ਿਲ੍ਹੇ ਦੇ ਐਸਐਸਪੀ ਆਦਿਤਿਆ ਕੁਮਾਰ ਨੇ ਘੁੰਮਣ ਕਲਾਂ ਥਾਣੇ ਦੇ ਐਸਐਚਓ ਸੁਖਵਿੰਦਰ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਐੱਸਐੱਚਓ 'ਤੇ ਕਤਲ ਦੀ ਕੋਸ਼ਿਸ਼ ਦੇ ਮਾਮਲੇ 'ਚ ਐੱਫਆਈਆਰ ਦਰਜ ਕਰਨ 'ਚ ਦੇਰੀ ਕਰਨ ਦਾ ਦੋਸ਼ ਹੈ। ਪੁਲਿਸ ਟੀਮਾਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਐਸਐਸਪੀ ਨੂੰ ਸ਼ਿਕਾਇਤ ਮਿਲੀ ਸੀ ਕਿ ਐਸਐਚਓ ਸੁਖਵਿੰਦਰ ਸਿੰਘ ਐਮਐਲਆਰ ਕੱਟੇ ਜਾਣ ਦੇ ਬਾਵਜੂਦ ਨਾਮਾਲੂਮ ਕਾਰਨਾਂ ਕਰਕੇ ਕਤਲ ਦੀ ਕੋਸ਼ਿਸ਼ ਦੇ ਇੱਕ ਕੇਸ ਵਿੱਚ ਐਫਆਈਆਰ ਦਰਜ ਨਹੀਂ ਕਰ ਰਿਹਾ ਹੈ। ਮੁੱਢਲੀ ਜਾਂਚ ਵਿੱਚ ਇਹ ਸ਼ਿਕਾਇਤ ਸਹੀ ਪਾਈ ਗਈ।

ਐਸਐਸਪੀ ਆਦਿਤਿਆ ਕੁਮਾਰ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਐਸਐਚਓ ਖ਼ਿਲਾਫ਼ ਵਿਭਾਗੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਦੀ ਕਾਰਜਪ੍ਰਣਾਲੀ ਵਿੱਚ ਅਜਿਹੀ ਅਣਗਹਿਲੀ ਕਾਰਨ ਆਮ ਲੋਕਾਂ ਨੂੰ ਹੋਣ ਵਾਲੀ ਅਸੁਵਿਧਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਜਿਸ ਮੱਠ ਨੂੰ ਤੁਸੀਂ ਬਣਾਇਆ ਹੈ, ਉਸ ਵਿੱਚ ਇੱਕ ਬੁੱਧ ਮੂਰਤੀ ਸਥਾਪਿਤ ਕਰੋ।

ਸੰਤ ਚੋਖੋਬਾਰਾਈ ਅਤੇ ਬੁੱਧ ਰੀਡਿੰਗ ਰੂਮ ਪੁਣੇ ਜ਼ਿਲ੍ਹੇ ਦੇ ਦੇਹੂ ਰੋਡ ਖੇਤਰ ਵਿੱਚ ਬਣਾਏ ਜਾ ਰਹੇ ਹਨ। ਕੁੱਲ ਰੁਪਏ. ਇਸ ਵਿਹਾਰ ਲਈ ਹੁਣ ਤੱਕ 1200 ਰੁਪਏ ਇਕੱਠੇ ਕੀਤੇ ਜਾ ਚੁੱਕੇ ਹਨ। ਇਸ ਰਕਮ ਵਿੱਚ ਵਿਹਾਰ ਦਾ ਕਲਸ਼ ਅਤੇ ਅੱਧੇ ਤੋਂ ਵੱਧ ਕੰਮ ਕਰਨਾ ਪੈਂਦਾ ਹੈ। ਡਾ. ਬਾਬਾ ਸਾਹਿਬ ਅੰਬੇਡਕਰ ਇਸ ਵਿਹਾਰ ਵਿੱਚ ਬੁੱਤ



ਸਥਾਪਤ ਕਰਨ ਲਈ ਲੋਨਾਵਾਲਾ ਆਏ ਸਨ। ਉਸ ਸਮੇਂ ਮੰਦਰ ਦੇ ਕੁਝ ਮੈਂਬਰ ਉਨ੍ਹਾਂ ਨੂੰ ਮਿਲੇ ਸਨ। ਇਸ ਮੌਕੇ ਡਾ. ਬਾਬਾ ਸਾਹਿਬ ਬਾਨੇ ਨੇ ਬੁੱਧ ਧਰਮ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਬੁੱਧ ਧਰਮ ਦੇ ਪ੍ਰਸਾਰ ਦੀ ਬਹੁਤ ਜ਼ਰੂਰਤ ਹੈ।

ਤੁਸੀਂ ਚੋਖੋਬਾਰਾਏ ਦਾ ਮੰਦਰ ਬਣਾਇਆ ਹੈ। ਉਹ ਚੋਖੋਬਾ ਜੋ ਆਪਣੇ ਜੀਵਨਕਾਲ ਵਿੱਚ ਕੁੱਝ ਨਹੀਂ ਕਰ ਸਕੇ, ਜਿਨ੍ਹਾਂ ਦਾ ਰੂਪ ਤੁਹਾਡੇ ਵਿੱਚੋਂ ਕਿਸੇ ਨੇ ਨਹੀਂ ਦੇਖਿਆ। ਅਜਿਹੇ ਚੋਖੋਬਾ ਬਾਰੇ ਵਿਸ਼ਵਾਸ ਰੱਖਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਇਸ ਲਈ, ਜਿਸ ਭਾਵਨਾ ਨਾਲ ਅਸੀਂ ਹੁਣ ਪ੍ਰੇਰਿਤ ਹਾਂ, ਉਸ ਨੂੰ ਅੱਜ ਦੇ ਯੁੱਗ ਵਿੱਚ ਕੁਚਲਿਆ ਨਹੀਂ ਜਾ ਸਕਦਾ।

ਜੇਕਰ ਮੈਂ ਆਪਣੇ ਕੰਮ ਦਾ ਇੱਕ ਹਿੱਸਾ ਇਸ ਕੰਮ ਲਈ ਸਮਰਪਿਤ ਕੀਤਾ ਹੁੰਦਾ ਤਾਂ ਇਸ ਨਾਲ ਲੋਕਾਂ ਵਿੱਚ ਸਨਮਾਨ ਪੈਦਾ ਹੁੰਦਾ ਅਤੇ ਮੇਰੇ ਉਦੇਸ਼ ਦੀ ਗੱਲ ਪੂਰੀ ਦੁਨੀਆ ਵਿੱਚ ਫੈਲਦੀ। ਪਰ ਮੇਰੇ ਕੋਲ ਬਹੁਤ ਸਾਰਾ ਕੰਮ ਸੀ, ਇਸ ਲਈ ਮੇਰੇ ਕੋਲ ਜ਼ਿਆਦਾ ਸਮਾਂ ਨਹੀਂ ਸੀ।

ਦਲਿਤ ਲੋਕ, ਜੋ ਧਰਮ ਅਤੇ ਪ੍ਰਚਲਿਤ ਰੂੜ੍ਹੀਵਾਦੀ ਧਾਰਨਾਵਾਂ ਦੇ ਸ਼ਿਕਾਰ ਹਨ, ਨੂੰ ਅੰਧਵਿਸ਼ਵਾਸ ਕਾਰਨ ਨੀਵਾਂ ਕੀਤਾ ਗਿਆ ਹੈ। ਉਨ੍ਹਾਂ ਨੇ ਹਿੰਦੂ ਧਰਮ ਦੇ ਤੀਹ-ਤਿੰਨ ਕਰੋੜ ਦੇਵਤਿਆਂ ਦੀ ਪੂਜਾ ਕਰਦੇ ਹੋਏ ਹਜ਼ਾਰਾਂ ਵਰਖਾ ਦਾ ਸਾਹਮਣਾ ਕੀਤਾ। ਧਰਮ ਦੇ ਪ੍ਰਤੀ ਮਾਣ ਦੇ ਕਾਰਨ ਅੱਜ ਤੱਕ ਇਹ ਮੂਰਖ ਲੋਕ ਇਸੇ ਗੱਲ ਦਾ ਪਾਲਣ ਕਰਦੇ ਆ ਰਹੇ ਹਨ। ਪਰ ਸ਼ੰਕਰਾਚਾਰੀਆ ਨੇ ਉਸ ਨਦੀ ਉੱਤੇ ਇੱਕ ਬੰਨ੍ਹ ਬਣਾਇਆ ਜੋ ਸੱਚ, ਅਹਿੰਸਾ ਅਤੇ ਦਾਨ ਦੇ ਤ੍ਰਿਵੇਣੀ ਸੰਗਮ ਤੋਂ ਵਹਿੰਦੀ ਹੈ। ਅਤੇ ਅੱਜ ਉਹੀ ਨਦੀ ਸਮੁੰਦਰ ਬਣ ਗਈ ਹੈ। ਉਸ ਸਮੁੰਦਰ ਵਿੱਚ ਕੁੱਝ ਅੰਨ੍ਹੇ ਲੋਕ ਆਪਣੇ ਮਨ ਵਿੱਚ ਸਤਿਕਾਰ ਦੀਆਂ ਭਾਵਨਾਵਾਂ ਨਾਲ ਨਹਾ ਰਹੇ ਹਨ ਅਤੇ ਆਪਣੇ ਪਾਪਾਂ ਦਾ ਸ਼ੁੱਧ ਕਰ ਰਹੇ ਹਨ। ਇੱਕ ਅਜਿਹੇ ਧਰਮ ਵਿੱਚ ਜਿੱਥੇ ਕੋਈ ਮਨੁੱਖਤਾ ਨਹੀਂ ਹੈ, ਉਸ ਧਰਮ ਦੇ ਪਰਮਾਤਮਾ ਬਾਰੇ ਮਹਿਸੂਸ ਕਰਨਾ ਚੰਗਾ ਨਹੀਂ ਹੈ। ਇਸ ਲਈ, ਹੁਣ ਤੋਂ, ਸਾਨੂੰ ਅਗਲੇ ਕਾਰਜ ਦੀ ਰੂਪ ਰੇਖਾ ਇੱਕ ਵੱਖਰੇ ਅਰਥਾਂ ਜਾਂ ਉਦੇਸ਼ ਨਾਲ ਤਿਆਰ ਕਰਨੀ ਪਵੇਗੀ। ਇਸ ਲਈ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਜੋ ਮੰਦਰ ਬਣਾਇਆ ਹੈ, ਉਸ ਵਿੱਚ ਬੁੱਧ ਦੀ ਮੂਰਤੀ ਸਥਾਪਿਤ ਕਰੋ। ਅੰਤ ਵਿੱਚ ਵਿਹਾਰ ਕਮੇਟੀ ਨੇ ਡਾ. ਬਾਬਾ ਸਾਹਿਬ ਦੇ ਹੱਥਾਂ ਵਿੱਚ ਬੁੱਤ ਸਥਾਪਤ ਕਰਨ ਦੀ ਇੱਛਾ ਜ਼ਾਹਰ ਕੀਤੀ। ਫਿਰ ਉਨ੍ਹਾਂ ਨੇ ਬੁੱਤ ਦੀ ਸਥਾਪਨਾ ਲਈ ਮੌਜੂਦ ਰਹਿਣ ਦਾ ਭਰੋਸਾ ਦਿੱਤਾ। ਉਸ ਨੇ ਆਪਣੇ ਦੋਸਤ ਤੋਂ ਬੁੱਧ ਦੀ ਮੂਰਤੀ ਲੈਣ ਦਾ ਵਾਅਦਾ ਵੀ ਕੀਤਾ।

## ਸਮਾਜ ਨੂੰ ਗੁੰਮਰਾਹ ਕਰਨ ਵਾਲੇ ਨੇਤਾਵਾਂ 'ਤੇ ਨੇੜਿਓਂ ਨਜ਼ਰ ਰੱਖਣੀ ਜ਼ਰੂਰੀ ਹੈ।

1 ਜੁਲਾਈ, 1954 ਨੂੰ ਮੁੰਬਈ ਦੇ ਕਾਮਾ ਹਾਲ ਵਿਖੇ ਮੁੰਬਈ ਪ੍ਰਦੇਸ਼ ਅਨੁਸੂਚਿਤ ਵਰਗ ਫੈਡਰੇਸ਼ਨ ਦੀਆਂ ਸਾਰੀਆਂ ਵਾਰਡਾਂ ਦੀਆਂ ਕਮੇਟੀਆਂ ਦੀ ਮੀਟਿੰਗ ਵਿੱਚ ਡਾ. ਬਾਬਾ ਸਾਹਿਬ ਅੰਬੇਡਕਰ ਨੇ ਕਿਹਾ,

ਵੈਸੇ, ਮੇਰੀ ਇੱਥੇ ਕੋਈ ਜਗ੍ਹਾ ਨਹੀਂ ਹੈ, ਮੈਂ ਅਜਿਹਾ ਨਹੀਂ ਸੋਚਦਾ ਕਿਉਂਕਿ ਮੈਂ ਇੱਥੇ ਇੱਕ ਵਾਰ੍ਡ ਮੈਂਬਰ ਵਜੋਂ ਨਹੀਂ ਆਇਆ ਹਾਂ। ਮੈਂ ਇਹ ਦੇਖਣ ਆਇਆ ਹਾਂ ਕਿ ਤੁਸੀਂ ਕਿੰਨੇ ਪੈਸੇ ਇਕੱਠੇ ਕੀਤੇ ਹਨ ਅਤੇ ਆਉਣ ਵਾਲੇ ਡਾਇਮੰਡ ਜੁਬਲੀ ਲਈ ਇਕੱਠੇ ਕਰਨ ਜਾ ਰਹੇ ਹੋ। ਮੈਂ ਇਹ ਵੀ ਦੇਖਿਆ ਹੈ ਕਿ ਅਨੁਸੂਚਿਤ ਜਾਤੀਆਂ ਫੈਡਰੇਸ਼ਨ ਦੀਆਂ ਕਈ ਸ਼ਾਖਾਵਾਂ ਦੇ ਵਰਕਰਾਂ ਨੇ ਅੱਜ ਤੱਕ ਪੈਸੇ ਇਕੱਠੇ ਕੀਤੇ ਹਨ, ਬਿੱਲ ਬੁੱਕ ਲੈ ਕੇ ਪੈਸੇ ਇਕੱਠੇ ਕੀਤੇ ਹਨ ਪਰ ਪੈਸੇ ਸਹੀ ਅਧਿਕਾਰੀ ਨੂੰ ਨਹੀਂ ਦਿੱਤੇ। ਕਿਸ ਕੋਲ ਕਿੰਨਾ ਪੈਸਾ ਹੈ ਅਤੇ ਇਹ ਕਿਵੇਂ ਖਰਚ ਕੀਤਾ ਜਾਂਦਾ ਹੈ, ਇਸ ਦੀ ਕੋਈ ਗਿਣਤੀ ਨਹੀਂ ਹੈ। ਇਸ ਲਈ ਮੈਨੂੰ ਲੱਗਦਾ ਹੈ ਕਿ ਇਨ੍ਹਾਂ ਗੱਲਾਂ ਨੂੰ ਪਹਿਲਾਂ ਜਾਣਨਾ ਚਾਹੀਦਾ ਹੈ।

ਅੱਜ, ਪਹਾੜਾਂ ਵਿੱਚ ਵੀ, ਕੀੜੀਆਂ ਛੇਕ ਬਣਾ ਰਹੀਆਂ ਹਨ ਅਤੇ ਤੁਹਾਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਅਜਿਹਾ ਕਰਦੇ ਰਹਿਣਗੀਆਂ। ਅੱਜ ਤੁਹਾਡਾ ਦਿਨ ਹੈ, ਅੱਗੇ ਕੀ ਹੋਵੇਗਾ? ਤੁਹਾਡਾ ਭਵਿੱਖ ਕੀ ਹੈ? ਤੁਸੀਂ ਨਹੀਂ ਜਾਣਦੇ ਕਿ ਤੁਹਾਡਾ ਭਵਿੱਖ ਕੀ ਹੈ। ਮੈਨੂੰ ਤੁਹਾਡੇ ਭਵਿੱਖ ਬਾਰੇ ਥੋੜ੍ਹਾ ਜਿਹਾ ਵਿਚਾਰ ਹੈ, ਪਰ ਅੱਜ ਮੈਂ ਉਸ ਬਾਰੇ ਗੱਲ ਨਹੀਂ ਕਰਨ ਜਾ ਰਿਹਾ ਹਾਂ। ਇੱਕ ਦਿਨ ਆਵੇਗਾ ਜਦੋਂ ਮੈਂ ਤੁਹਾਨੂੰ ਸਾਰਿਆਂ ਨੂੰ ਇਕੱਠਾ ਕਰਾਂਗਾ ਅਤੇ ਤੁਹਾਨੂੰ ਵਿਸਥਾਰ ਵਿੱਚ ਦੱਸਾਂਗਾ ਕਿ ਅੱਗੇ ਕੀ ਹੋਣ ਵਾਲਾ ਹੈ ਅਤੇ ਇਸ ਲਈ ਕੀ ਕੀਤਾ ਜਾਣਾ ਚਾਹੀਦਾ ਹੈ। ਘੱਟੋ-ਘੱਟ ਮੈਂ ਅੱਜ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ। ਹਾਲਾਂਕਿ, ਤੁਹਾਨੂੰ ਆਪਣੇ ਭਵਿੱਖ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਸਾਨੂੰ ਆਪਣੇ ਜਨਤਕ ਕੰਮਾਂ ਲਈ ਇੱਕ ਅਜਿਹੇ ਹਾਲ ਦੀ ਜ਼ਰੂਰਤ ਹੈ, ਜਿਸ ਦਾ ਕਿਰਾਇਆ ਸਾਡੇ ਕੁਝ ਜਨਤਕ ਖਰਚਿਆਂ ਨੂੰ ਪੂਰਾ ਕਰਦਾ ਰਹੇਗਾ। ਇਸ ਮਾਮਲੇ ਵਿੱਚ, ਪੈਸੇ ਦੀ ਲੋੜ ਹੈ. ਤੁਸੀਂ 87 ਹਜ਼ਾਰ ਰੁਪਏ ਜੋੜੇ ਪਰ ਮੈਂ ਇੱਕ ਲੱਖ ਤੋਂ ਵੱਧ ਇਕੱਠੇ ਕੀਤੇ ਹਨ। ਸਾਨੂੰ 25 ਲੱਖ ਰੁਪਏ ਹੋਰ ਚਾਹੀਦੇ ਹਨ। ਇਸ ਰਕਮ ਨੂੰ ਜੋੜਨ ਲਈ, ਤੁਸੀਂ ਥਾਂ-ਥਾਂ ਮੂਵ ਕਮੇਟੀਆਂ ਸਥਾਪਤ ਕੀਤੀਆਂ ਹਨ। ਉਨ੍ਹਾਂ ਲੋਕਾਂ ਨੂੰ ਮਿਲੋ ਜਿਨ੍ਹਾਂ ਕੋਲ ਰਸੀਦ ਕਿਤਾਬ ਜਾਂ ਇਸ ਤੋਂ ਪ੍ਰਾਪਤ ਹੋਏ ਪੈਸੇ ਹਨ, ਉਨ੍ਹਾਂ ਦੇ ਪਿੱਛੇ ਜਾਓ, ਉਨ੍ਹਾਂ ਤੋਂ ਜਨਤਕ ਕੰਮ ਦੇ ਪੈਸੇ ਇਕੱਠੇ ਕਰੋ ਅਤੇ ਪੈਸੇ ਨੂੰ ਸਹੀ ਵਿਅਕਤੀ ਤੱਕ ਪਹੁੰਚਾਓ। ਜਨਤਕ ਕੰਮ ਕਰਦੇ ਸਮੇਂ, ਪੈਸੇ ਲੈਂਦੇ ਜਾਂ ਦਿੰਦੇ ਸਮੇਂ, ਇਹ ਸੁਨਿਸ਼ਚਿਤ ਕਰੋ ਕਿ ਕੋਈ ਵੀ ਸਾਨੂੰ ਧੋਖਾ ਨਹੀਂ ਦੇ ਰਿਹਾ ਹੈ। ਇਸ ਤਰ੍ਹਾਂ, ਤੁਹਾਨੂੰ 3 ਜੁਲਾਈ, 1954 ਦੇ ਪੈਸੇ ਇਕੱਠੇ ਕਰਨ ਅਤੇ ਇਸ ਨੂੰ ਸਹੀ ਜਗ੍ਹਾ 'ਤੇ ਪਹੁੰਚਾਉਣ ਨੂੰ ਆਪਣਾ ਫਰਜ਼ ਸਮਝਣਾ ਚਾਹੀਦਾ ਹੈ। ਕਿਉਂਕਿ ਅੱਜ-ਕੱਲ੍ਹ ਸਮਾਜ ਦਾ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸ੍ਵਤੰਤ੍ਰਤਾ, ਸਮਾਨਤਾ, ਭਾਈਚਾਰਾ Rs- 100/month

ਪੈਸਾ ਖਾਣ ਦਾ ਰੁਝਾਨ ਬਹੁਤ ਵਧ ਗਿਆ ਹੈ ਅਤੇ ਘੱਟੋ-ਘੱਟ ਮੈਂ ਤਾਂ ਇਸ ਤੋਂ ਬਹੁਤ ਬੋਰ ਹੋ ਗਿਆ ਹਾਂ। ਅਜਿਹੇ ਲੋਕਾਂ ਦਾ ਪਤਾ ਸਮਾਜ ਤੋਂ ਲਗਾਇਆ ਜਾਣਾ ਚਾਹੀਦਾ ਹੈ ਅਤੇ ਇਸ ਗੱਲ 'ਤੇ ਨੇੜਿਓਂ ਨਜ਼ਰ ਰੱਖਣੀ ਚਾਹੀਦੀ ਹੈ ਕਿ ਸਮਾਜ ਨੂੰ ਕੌਣ ਧੋਖਾ ਦੇ ਰਿਹਾ ਹੈ।

ਬਹੁਤ ਘੱਟ ਲੋਕ ਹੁੰਦੇ ਹਨ ਜੋ ਸਮਾਜ ਲਈ ਕੰਮ ਕਰਦੇ ਹਨ, ਜਿਨ੍ਹਾਂ ਦੀ ਸਮਾਜ ਪ੍ਰਤੀ ਕੋਈ ਜ਼ਿੰਮੇਵਾਰੀ ਹੁੰਦੀ ਹੈ, ਸਮਾਜ ਦਾ ਕੋਈ ਵੀ ਕਰਜ਼ਾ ਸਾਨੂੰ ਵਾਪਸ ਕਰਨਾ ਪੈਂਦਾ ਹੈ। ਬਹੁਤ ਘੱਟ ਲੋਕ ਅਜਿਹੇ ਕੰਮ ਵਿਚ ਦਿਲਚਸਪੀ ਰੱਖਦੇ ਹਨ. ਜੇ ਹਰ ਕੋਈ ਮਜ਼ਦੂਰ ਹੁੰਦਾ, ਤਾਂ ਉਨ੍ਹਾਂ ਨੂੰ ਬਿਲਡਿੰਗ ਫੰਡ ਲਈ ਇੰਨੀ ਮਿਹਨਤ ਨਹੀਂ ਕਰਨੀ ਪੈਂਦੀ। ਬਹੁਤ ਘੱਟ ਲੋਕਾਂ ਨੂੰ ਸਮਾਜਿਕ ਕੰਮਾਂ ਵਿੱਚ ਦਿਲਚਸਪੀ ਹੈ। ਬਾਕੀ ਸਾਰੇ, ਗੋਬਰ ਦੇ ਕੀੜਿਆਂ ਵਾਂਗ, ਆਪਣੀ ਖੁਸ਼ੀ ਵਿੱਚ ਰੁੱਝੇ ਹੋਏ ਹਨ। ਇਸ ਲਈ, ਹਰੇਕ ਪੜ੍ਹੇ-ਲਿਖੇ ਵਿਅਕਤੀ ਨੂੰ ਇਹ ਆਪਣਾ ਫਰਜ਼ ਸਮਝਣਾ ਚਾਹੀਦਾ ਹੈ ਕਿ ਉਹ ਅਜਿਹੇ ਲੋਕਾਂ ਨੂੰ ਆਪਣੇ ਗੋਬਰ ਦੇ ਕੀੜਿਆਂ ਵਾਂਗ ਰਹਿਣ ਦਾ ਅਹਿਸਾਸ ਕਰਵਾਏ। ਘੱਟ ਤੋਂ ਘੱਟ ਅੱਜ ਸਮਾਜ ਦੇ ਸਾਹਮਣੇ ਅਜਿਹੀਆਂ ਸਥਿਤੀਆਂ ਹਨ ਕਿ ਕੋਈ ਕੰਮ ਕਰ ਰਿਹਾ ਹੈ ਅਤੇ ਕੋਈ ਗਿਰੀਦਾਰ ਖਾ ਰਿਹਾ ਹੈ। ਅਸੀਂ ਖੇਤ ਦੀ ਸੁਰੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ, ਪਰ ਅੱਜ ਜਿਨ੍ਹਾਂ ਨੂੰ ਸੁਰੱਖਿਆ ਸੌਂਪੀ ਗਈ ਸੀ, ਉਨ੍ਹਾਂ ਨੇ ਫੇਨ ਕਰਨਾ ਸ਼ੁਰੂ ਕਰ ਦਿੱਤਾ ਹੈ। ਤੁਸੀਂ ਇਸ ਬਾਰੇ ਕੀ ਕਹਿੰਦੇ ਹੋ? ਹਰ ਕਿਸੇ ਲਈ ਅਜਿਹੀਆਂ ਮੁਸ਼ਕਿਲ ਸਥਿਤੀਆਂ ਤੋਂ ਜਾਣੂ ਹੋਣਾ ਮਹੱਤਵਪੂਰਨ ਹੈ। ਸਮਾਜ ਨੂੰ ਇਸ ਤਰ੍ਹਾਂ ਦੀ ਧੋਖਾਧੜੀ ਕਰਨ ਵਾਲੇ ਨੇਤਾ 'ਤੇ ਨੇੜਿਓਂ ਨਜ਼ਰ ਰੱਖਣੀ ਚਾਹੀਦੀ ਹੈ। ਉਨ੍ਹਾਂ ਦੀ ਸਾਜ਼ਿਸ਼ ਦਾ ਸਮੇਂ ਸਿਰ ਪਰਦਾਫਾਸ਼ ਹੋਣਾ ਚਾਹੀਦਾ ਹੈ ਅਤੇ ਜਨਤਾ ਨੂੰ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਸਮਾਜਿਕ ਗਤੀਵਿਧੀਆਂ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸੰਖੇਪ ਵਿੱਚ, ਅੱਜ ਤੋਂ 3-4 ਮਹੀਨੇ ਬਾਅਦ, ਮੈਂ ਇੱਥੇ ਫਿਰ ਤੋਂ ਡਾਇਮੰਡ ਜੁਬਲੀ ਲਈ ਆਉਣ ਵਾਲਾ ਹਾਂ। ਇਸ ਲਈ, ਜਿੰਨੀ ਜਲਦੀ ਬਿਲਡਿੰਗ ਫੰਡ ਇਕੱਠਾ ਕੀਤਾ ਜਾਂਦਾ ਹੈ, ਉੱਨਾ ਹੀ ਬਿਹਤਰ ਹੈ। ਮੈਨੂੰ ਇਸ ਵਿੱਚ ਦੇਰੀ ਕਰਨ ਦਾ ਕੋਈ ਮਤਲਬ ਨਜ਼ਰ ਨਹੀਂ ਆਉਂਦਾ। ਇਸ ਲਈ ਮੈਂ ਕਹਿੰਦਾ ਹਾਂ ਕਿ ਥਾਂ-ਥਾਂ ਕਮੇਟੀਆਂ ਬਣਾਓ ਅਤੇ ਉਨ੍ਹਾਂ ਰਾਹੀਂ ਪੈਸਾ ਇਕੱਠਾ ਕਰੋ। ਉਨ੍ਹਾਂ ਸਾਰਿਆਂ ਨੂੰ ਲਿਆਓ ਜਿਨ੍ਹਾਂ ਕੋਲ ਪੈਸੇ ਅਤੇ ਰਸੀਦਾਂ ਬਚੀਆਂ ਹਨ। ਮੈਂ ਤੁਹਾਡੇ ਨਾਲ ਹਾਂ।

# ਹੀਟਵੇਵ ਕਾਰਨ ਪੈਦਾ ਹੋਈ ਕਿਸੇ ਵੀ ਸੰਕਟਕਾਲੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਿਹਤ ਵਿਭਾਗ ਪੂਰੀ ਤਰ੍ਹਾਂ ਤਿਆਰ

## ਸਿਹਤ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ 'ਚ ਲੋਕਾਂ ਨੂੰ ਲੂਅ ਤੋਂ ਖੁਦ ਨੂੰ ਬਚਾ ਕੇ ਰੱਖਣ ਦੀ ਸਲਾਹ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ: ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਨਿਰਦੇਸ਼ਾਂ 'ਤੇ, ਸਿਹਤ ਵਿਭਾਗ ਨੇ ਪੰਜਾਬ ਵਿੱਚ ਆਉਣ ਵਾਲੇ ਦਿਨਾਂ ਵਿੱਚ ਲੂਅ (ਹੀਟਵੇਵ)ਤੋਂ ਲੋਕਾਂ ਨੂੰ ਬਚ ਕੇ ਰਹਿਣ ਲਈ ਸਾਵਧਾਨੀਆਂ/ਪਰਹੇਜ਼ਾਂ ਦੀ ਵਿਸਥਾਰਿਤ ਸੂਚੀ ਜਾਰੀ ਕੀਤੀ ਹੈ । ਭਾਰਤੀ ਮੌਸਮ ਵਿਭਾਗ(ਆਈਐਮਡੀ) ਅਨੁਸਾਰ, ਹੀਟਵੇਵ ਉਦੋਂ ਕਹੀ ਜਾਂਦੀ ਹੈ, ਜਦੋਂ ਕਿਸੇ ਸਮਤਲ ਖੇਤਰ ਦਾ ਤਾਪਮਾਨ 40 ਡਿਗਰੀ ਜਾਂ ਇਸ ਤੋਂ ਵੱਧ ਹੋ ਜਾਵੇ ਜਾਂ ਸਾਧਾਰਨ ਤਾਪਮਾਨ ਵਿੱਚ 4.5 ਤੋਂ 6.4 ਡਿਗਰੀ ਸੈਲਸੀਅਸ ਤੱਕ ਵਾਧਾ ਹੋ ਜਾਵੇ । ਇਹ ਉੱਚ ਤਾਪਮਾਨ, ਸਾਡੇ ਸਰੀਰ ਦੀ ਤਾਪਮਾਨ ਨਿਯੰਤਰਣ ਪ੍ਰਣਾਲੀ ਨੂੰ ਖਰਾਬ ਕਰਕੇ ਗਰਮੀ ਸਬੰਧੀ ਕਈ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।

ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਜਾਰੀ ਐਡਵਾਈਜ਼ਰੀ ਦੀ ਪਾਲਣਾ ਕਰਨ ਦੀ ਅਪੀਲ ਕਰਦੇ ਹੋਏ, ਸਿਹਤ ਅਤੇ ਪਰਿਵਾਰ ਭਲਾਈ ਡਾਇਰੈਕਟਰ ਡਾ. ਹਿਤਿੰਦਰ ਕੌਰ ਨੇ ਕਿਹਾ ਕਿ ਸਾਰੇ ਸਿਵਲ ਸਰਜਨਾਂ, ਨੂੰ ਇਹ ਯਕੀਨੀ ਬਣਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਸਾਰੇ ਹਸਪਤਾਲ ਗਰਮੀ ਦੀ



ਮਾਰ ਤੋਂ ਪੀੜਤ ਮਰੀਜ਼ਾਂ ਦੇ ਸੁਚੱਜੇ ਪ੍ਰਬੰਧਨ ਲਈ ਪੂਰੀ ਤਰ੍ਹਾਂ ਲੈਸ ਹੋਣ। ਇਸ ਤੋਂ ਇਲਾਵਾ, ਜ਼ਿਲ੍ਹਾ ਹਸਪਤਾਲਾਂ ਤੋਂ ਲੈ ਕੇ ਸੀ.ਐਚ. ਸੀ. ਪੱਧਰ ਅਤੇ ਪੀ.ਐਚ.ਸੀ. ਤੱਕ ਲੋੜੀਂਦੇ ਬੈੱਡ ਰਾਖਵੇਂ ਕੀਤੇ ਗਏ ਹਨ ਜਿੱਥੇ 24 ਘੰਟੇ ਸਿਹਤ ਸੇਵਾਵਾਂ ਉਪਲਬਧ ਹਨ।

ਉਨ੍ਹਾਂ ਕਿਹਾ, '' ਦਰੁਸਤ ਡਾਇਗਨਾਜ਼ ਦੇ ਨਾਲ-ਨਾਲ ਗਰਮੀ ਨਾਲ ਸਬੰਧਤ ਬਿਮਾਰੀਆਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਮੈਡੀਕਲ ਅਫਸਰਾਂ ਅਤੇ ਮਾਹਿਰਾਂ ਨੂੰ ਰਿਫਰੈਸ਼ਰ ਸਿਖਲਾਈ ਅਤੇ ਜਾਗਰੂਕਤਾ ਪ੍ਰਦਾਨ ਕੀਤੀ ਗਈ ਹੈ।'' ਸਿਵਲ ਸਰਜਨਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਆਸ਼ਾ ਵਰਕਰਾਂ ਸਮੇਤ ਸਾਰੇ ਪੈਰਾ- ਮੈਡੀਕਲ ਸਟਾਫ ਨੂੰ ਸਿਖਲਾਈ ਦਿੱਤੀ ਜਾਵੇ ਅਤੇ ਜਾਗਰੂਕ ਕੀਤਾ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੂਅ ਸੰਬੰਧੀ ਐਡਵਾਈਜ਼ਰੀ ਹਰੇਕ ਤੱਕ ਪਹੁੰਚੇ।

ਉਨ੍ਹਾਂ ਸਲਾਹ ਦਿੱਤੀ ਕਿ ਟੀਵੀ, ਰੇਡੀਓ, ਅਖ਼ਬਾਰਾਂ ਆਦਿ ਰਾਹੀਂ ਸਥਾਨਕ ਮੌਸਮ ਦੀਆਂ ਖ਼ਬਰਾਂ ਵੱਲ ਧਿਆਨ ਦਿੱਤਾ ਜਾਵੇ। ਇਸ ਤੋਂ ਇਲਾਵਾ, ਮੌਸਮ ਵਿਭਾਗ ਦੀ ਵੈੱਬਸਾਈਟ [http://mausam.imd.gov.in/] ਤੋਂ ਮੌਸਮ ਦੀ ਤਾਜ਼ਾ–ਤਰੀਨ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਲੋਕਾਂ ਨੂੰ ਗੰਭੀਰ ਗਰਮੀ ਦੀ ਲਹਿਰ ਦੀਆਂ ਸਥਿਤੀਆਂ ਵਿੱਚ ਭਵਿੱਖਬਾਣੀਆਂ ਮੁਤਾਬਿਕ ਹੀ ਆਪਣੀਆਂ ਰੋਜ਼ਮਰਾਹ ਗਤੀਵਿਧੀਆਂ ਉਲੀਕਣੀਆਂ ਚਾਹੀਦਆਂ ਹਨ ਤਾਂ ਜੋ ਗਰਮੀ ਦੇ ਪ੍ਰਕੋਪ ਤੋਂ ਬਚਿਆ ਜਾ ਸਕੇ।

ਡਾ. ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਨਵਜੰਮੇ ਬੱਚੇ, ਬੱਚਿਆਂ, ਗਰਭਵਤੀ ਔਰਤਾਂ, ਬਜ਼ੁਰਗ ਵਿਅਕਤੀ, ਮਜ਼ਦੂਰ, ਮੋਟੇ ਵਿਅਕਤੀ, ਕਿਸੇ ਵੀ ਕਿਸਮ ਦੀ ਮਾਨਸਿਕ ਬਿਮਾਰੀ ਵਾਲੇ ਅਤੇ ਘੱਟ ਇਮਿਊਨਿਟੀ ਵਾਲੇ ਵਿਅਕਤੀ ਖਾਸ ਕਰਕੇ ਦਿਲ ਦੀਆਂ ਬਿਮਾਰੀਆਂ ਜਾਂ ਹਾਈਪਰਟੈਨਸ਼ਨ ਤੋਂ ਪੀੜਤ ਵਿਅਕਤੀਆਂ ਨੂੰ ਐਡਵਾਈਜ਼ਰੀ ਦੀ ਵਧੇਰੇ ਸਖਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੂੰ ਲੂਅ ਦੀ ਲਪੇਟ ਵਿੱਚ ਆਉਣ ਦਾ ਖਤਰਾ ਜ਼ਿਆਦਾ ਹੁੰਦਾ ਹੈ।

### ਗਰਮੀ ਤੋਂ ਬਚਣ ਲਈ ਕੀ ਕਰੀਏ/ਕੀ ਨਾ ਕਰੀਏ

ਕੀ ਕਰੀਏ:

* ਦਿਨ ਦੇ ਠੰਢੇ ਸਮੇਂ ਦੌਰਾਨ ਬਾਹਰੀ ਕੰਮ ਕਰੋ, ਜਿਵੇਂ ਕਿ ਸਵੇਰ ਅਤੇ ਸ਼ਾਮ
* ਹਰ ਅੱਧੇ ਘੰਟੇ ਬਾਅਦ ਪਾਣੀ ਪੀਓ, ਭਾਵੇਂ ਪਿਆਸ ਨਾ ਹੋਵੇ। ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਲੋਕ, ਜੋ ਤਰਲ ਪਦਾਰਥਾਂ ਦੀ ਸੀਮਤ ਖੁਰਾਕ ਲੈਂਦੇ ਹਨ, ਨੂੰ ਪਾਣੀ ਦੀ ਮਾਤਰਾ ਵਧਾਉਣ ਤੋਂ ਪਹਿਲਾਂ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।
* ਬਾਹਰ ਕੰਮ ਕਰਦੇ ਸਮੇਂ ਹਲਕੇ/ਫਿੱਕੇ ਰੰਗ ਦੇ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨੋ। ਗਰਮੀਆਂ ਵਿੱਚ ਸਿਰਫ਼ ਸੂਤੀ ਕੱਪੜੇ ਪਾਉਣ ਦੀ ਕੋਸ਼ਿਸ਼ ਕਰੋ
* ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟਾ ਵਰਤੋ
* ਧੁੱਪ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦੇ ਤਾਪਮਾਨ ਨੂੰ ਬਣਾਈ ਰੱਖਣ ਲਈ ਛਾਂ ਵਿੱਚ ਆਰਾਮ ਕਰਨਾ ਚਾਹੀਦਾ ਹੈ ਜਾਂ ਆਪਣੇ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ
* ਧੁੱਪ ਵਿੱਚ ਬਾਹਰ ਜਾਂਦੇ ਸਮੇਂ ਹਮੇਸ਼ਾ ਪਾਣੀ ਆਪਣੇ ਨਾਲ ਰੱਖੋ
* ਮੌਸਮੀ ਫਲ ਅਤੇ ਸਬਜ਼ੀਆਂ, ਜਿਵੇਂ ਕਿ ਤਰਬੂਜ, ਸੰਤਰੇ, ਅੰਗੂਰ, ਖੀਰੇ ਅਤੇ ਟਮਾਟਰ, ਖਾਓ, ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ
* ਤੁਹਾਡੇ ਘਰ ਜਾਂ ਦਫ਼ਤਰ ਵਿੱਚ ਸਾਮਾਨ ਜਾਂ ਭੋਜਨ ਦੀ ਡਿਲਿਵਰੀ ਲਈ ਆਉਣ ਵਾਲੇ ਲੋਕਾਂ ਨੂੰ ਪਾਣੀ ਦਿਓ
* ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਕਰੋ ਅਤੇ ਉਹਨਾਂ ਦਾ ਸੇਵਨ ਵਧਾਓ
* ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕ੍ਰੀਨ ਅਤੇ ਆਪਣੀਆਂ ਅੱਖਾਂ ਦੀ ਸੁਰੱਖਿਆ ਲਈ ਕਾਲੀ ਐਨਕ ਲਗਾਈ ਜਾਵੇ।
* ਥੋੜ੍ਹਾ ਜਿਹਾ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ
* ਠੰਡੇ ਪਾਣੀ ਵਿੱਚ ਵਾਰ-

ਬਾਕੀ ਅਗਲੇ ਸਫੇ ਤੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

# ਓ ਮੇਰੇ! - ਪੂਰੀ ਦੁਨੀਆ ਦਾ ਸਟਾਕ ਮਾਰਕੀਟ ਖੂਨ ਵਹਿ ਰਿਹਾ ਹੈ!



**ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਹਫੜਾ-ਦਫੜੀ ਹੈ! ਭਾਰਤ ਵਿੱਚ ਕੁਝ ਮਿੰਟਾਂ ਵਿੱਚ 19 ਲੱਖ ਕਰੋੜ ਦਾ ਨੁਕਸਾਨ:,, 7 ਅਪ੍ਰੈਲ ਨੂੰ ਭਾਰਤੀ ਸਟਾਕ ਮਾਰਕੀਟ ਵਿੱਚ ਇੱਕ ਦਿਨ ਵਿੱਚ ਆਈ ਭਾਰੀ ਗਿਰਾਵਟ ਪਹਿਲੀ ਵਾਰ ਨਹੀਂ ਹੈ, ਇਹ ਪਹਿਲਾਂ ਵੀ ਕਈ ਵਾਰ ਵਾਪਰ ਚੁੱਕੀ ਹੈ - ਡੂੰਘੀ ਸੋਚ-ਵਿਚਾਰ ਜ਼ਰੂਰੀ ਹੈ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ**

ਗੋਂਡੀਆ - ਦਹਾਕਿਆਂ ਤੋਂ ਵਿਸ਼ਵ ਪੱਧਰ 'ਤੇ ਇਹ ਇੱਕ ਰੁਝਾਨ ਰਿਹਾ ਹੈ ਕਿ ਜਦੋਂ ਵੀ ਕੋਈ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਈ ਗਈ ਘਟਨਾ, ਵਿਸ਼ਵ ਯੁੱਧ, ਸੱਤਾ ਪਲਟਾ, ਮਹਾਂਮਾਰੀ ਆਦਿ ਵਾਪਰਦੀ ਹੈ, ਤਾਂ ਇਸਦਾ ਪ੍ਰਭਾਵ ਕਈ ਸਬੰਧਤ ਖੇਤਰਾਂ ਵਿੱਚ ਦੇਖਿਆ ਜਾਂਦਾ ਹੈ। ਹਾਲ ਹੀ ਵਿੱਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਦੁਨੀਆ ਦੇ ਕਈ ਦੇਸ਼ਾਂ 'ਤੇ ਲਗਾਏ ਗਏ ਟੈਰਿਫਾਂ ਨੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਅਤੇ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਭਾਰੀ ਗਿਰਾਵਟ ਆਈ ਹੈ। ਇਸੇ ਤਰ੍ਹਾਂ, 57 ਦੇਸ਼ਾਂ ਦੇ ਇਸਲਾਮਿਕ ਸਹਿਯੋਗ ਸੰਗਠਨ, ਖਾੜੀ ਦੇਸ਼ਾਂ ਜਾਂ ਵਿਕਸਤ ਦੇਸ਼ਾਂ ਵਿਚਕਾਰ ਟਕਰਾਅ ਹੈ, ਜਿਸ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਵਾਧਾ, ਕਿਸੇ ਰਾਜਨੀਤਿਕ ਉਥਲ-ਪੁਥਲ ਦਾ ਡਰ ਜਾਂ ਕਾਨੂੰਨ ਕਾਰਨ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੁਆਰਾ ਸ਼ੇਅਰ ਵੇਚਣ ਕਾਰਨ ਸਟਾਕ ਮਾਰਕੀਟ ਡਿੱਗਣਾ, ਜਾਂ ਕਿਸੇ ਮਹਾਂਮਾਰੀ ਕਾਰਨ ਸਿਹਤ ਅਤੇ ਭੋਜਨ ਖੇਤਰ ਦਾ ਢਹਿ ਜਾਣਾ ਆਦਿ ਹੋ ਸਕਦਾ ਹੈ। ਮੈਂ ਆਪਣੇ ਬਚਪਨ ਵਿੱਚ ਹਰਸ਼ਦ ਮਹਿਤਾ ਦੇ ਵੱਡੇ ਸ਼ੇਅਰ ਘੁਟਾਲੇ ਅਤੇ ਇੱਕ ਸਟੈਂਪ ਪੇਪਰ ਘੁਟਾਲੇ ਬਾਰੇ ਸੁਣਿਆ ਸੀ ਜਿਸਨੇ ਉੱਚ ਪੱਧਰਾਂ ਨੂੰ ਵੀ ਹਿਲਾ ਦਿੱਤਾ ਸੀ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਟਰੰਪ ਦੇ ਅਮਰੀਕਾ ਫਸਟ ਦੇ ਦ੍ਰਿਸ਼ਟੀਕੋਣ ਕਾਰਨ, ਵਿਦੇਸ਼ੀ ਸੰਸਥਾਗਤ ਨਿਵੇਸ਼ਕ ਲਗਾਤਾਰ ਭਾਰਤ ਤੋਂ ਸ਼ੇਅਰ ਵੇਚ ਕੇ ਪੈਸੇ ਕਢਵਾ ਰਹੇ ਹਨ, ਸ਼ਾਇਦ ਉਹ ਇਸਨੂੰ ਅਮਰੀਕਾ ਵਿੱਚ ਨਿਵੇਸ਼ ਕਰਨ ਬਾਰੇ ਸੋਚ ਰਹੇ ਹਨ! ਅਸੀਂ ਹੇਠਾਂ ਦਿੱਤੇ ਪੈਰਿਆਂ ਵਿੱਚ ਅਜਿਹੇ ਕਈ ਸੰਭਾਵਿਤ ਕਾਰਨਾਂ ਬਾਰੇ ਚਰਚਾ ਕਰਾਂਗੇ। ਕਿਉਂਕਿ ਅੱਜ 7 ਅਪ੍ਰੈਲ 2025 ਨੂੰ ਸਟਾਕ ਮਾਰਕੀਟ ਵਿੱਚ ਭਾਰੀ ਗਿਰਾਵਟ ਚਿੰਤਾ ਦਾ ਵਿਸ਼ਾ ਹੈ, ਇਸ ਲਈ NSE ਨਿਫਟੀ ਦਾ ਹਫਤਾਵਾਰੀ ਮਾਸਿਕ ਸਮਾਪਤੀ ਦਿਨ ਮੰਗਲਵਾਰ ਤੋਂ ਸੋਮਵਾਰ ਕਰ ਦਿੱਤਾ ਗਿਆ ਹੈ ਜੋ ਕਿ 4 ਅਪ੍ਰੈਲ 2025 ਤੋਂ ਲਾਗੂ ਹੋ ਗਿਆ ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਹੇ ਰੱਬਾ! - ਪੂਰੀ ਦੁਨੀਆ ਦੇ ਸਟਾਕ ਮਾਰਕੀਟ ਉਛਲ ਰਹੇ ਹਨ! ਪੂਰੀ ਦੁਨੀਆ ਦੇ ਸਟਾਕ ਮਾਰਕੀਟ ਹਫੜਾ-ਦਫੜੀ ਵਿੱਚ ਹਨ! ਭਾਰਤ ਵਿੱਚ ਕੁਝ ਮਿੰਟਾਂ ਵਿੱਚ 19 ਲੱਖ ਕਰੋੜ ਦਾ ਨੁਕਸਾਨ: 7 ਅਪ੍ਰੈਲ ਨੂੰ ਇੱਕ ਹੀ ਦਿਨ ਵਿੱਚ ਭਾਰਤੀ ਸਟਾਕ ਮਾਰਕੀਟ ਵਿੱਚ ਆਈ ਭਾਰੀ ਗਿਰਾਵਟ ਪਹਿਲੀ ਵਾਰ ਨਹੀਂ ਹੈ, ਇਹ ਪਹਿਲਾਂ ਵੀ ਕਈ ਵਾਰ ਹੋ ਚੁੱਕੀ ਹੈ - ਡੂੰਘੀ ਸੋਚ-ਵਿਚਾਰ ਜ਼ਰੂਰੀ ਹੈ।

ਦੋਸਤੋ, ਜੇਕਰ ਅਸੀਂ 7 ਅਪ੍ਰੈਲ, 2025 ਨੂੰ ਸਟਾਕ ਮਾਰਕੀਟ ਵਿੱਚ ਆਈ ਗਿਰਾਵਟ ਦੀ ਗੱਲ ਕਰੀਏ, ਤਾਂ ਅਮਰੀਕਾ ਵੱਲੋਂ ਦੁਨੀਆ ਭਰ ਦੇ 180 ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਪ੍ਰਭਾਵ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਗਿਰਾਵਟ ਤੋਂ ਬਾਅਦ, ਹੁਣ ਭਾਰਤੀ ਸਟਾਕ ਮਾਰਕੀਟ ਵੀ ਬੁਰੀ ਤਰ੍ਹਾਂ ਡਿੱਗ ਗਿਆ ਹੈ। ਅੱਜ ਯਾਨੀ 7 ਅਪ੍ਰੈਲ 2025 ਨੂੰ, ਦੋਵੇਂ ਪ੍ਰਮੁੱਖ ਸੂਚਕਾਂਕ ਲਾਲ ਨਿਸ਼ਾਨ 'ਤੇ ਖੁੱਲ੍ਹੇ ਅਤੇ ਜਿਵੇਂ ਹੀ ਇਹ ਖੁੱਲ੍ਹੇ, ਸਟਾਕ ਮਾਰਕੀਟ ਵਿੱਚ ਹਫੜਾ-ਦਫੜੀ ਮੱਚ ਗਈ। ਸ਼ੁਰੂਆਤੀ ਕਾਰੋਬਾਰ ਵਿੱਚ ਸੈਂਸੈਕਸ 3,939.68 ਅੰਕਾਂ ਦੀ ਭਾਰੀ ਗਿਰਾਵਟ ਨਾਲ 71,425.01 'ਤੇ ਬੰਦਹੋਇਆ, ਜਦੋਂ ਕਿ ਨਿਫਟੀ 1,160.8 ਅੰਕ ਡਿੱਗ ਕੇ 21,743.65 'ਤੇ ਬੰਦ ਹੋਇਆ। ਸੋਮਵਾਰ ਨੂੰ, ਦੁਨੀਆ ਭਰ ਦੇ ਬਾਜ਼ਾਰ ਇੰਨੇ ਡਿੱਗ ਗਏ ਕਿ ਅਜਿਹਾ ਲੱਗ ਰਿਹਾ ਸੀ ਕਿ ਉਹ ਸਿੱਧੇ ਨਰਕ ਵਿੱਚ ਜਾਣਗੇ। ਅਮਰੀਕੀ ਰਾਸ਼ਟਰਪਤੀ ਵੱਲੋਂ ਲਗਾਏ ਗਏ ਵੱਡੇ ਟੈਰਿਫ ਅਤੇ ਚੀਨ ਵੱਲੋਂ ਕੀਤੀ ਗਈ ਤਿੱਖੀ ਜਵਾਬੀ ਕਾਰਵਾਈ ਨੇ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਚੀਨ ਨੇ ਅਮਰੀਕਾ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ 34 ਪ੍ਰਤੀਸ਼ਤ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ, ਜੋ ਕਿ 10 ਅਪ੍ਰੈਲ ਤੋਂ ਲਾਗੂ ਹੋਵੇਗਾ। ਇਸਦਾ ਪ੍ਰਭਾਵ ਇੰਨਾ ਜ਼ਬਰਦਸਤ ਸੀ ਕਿ ਸਿਰਫ ਦੋ ਦਿਨਾਂ ਵਿੱਚ ਦੁਨੀਆ ਭਰ ਵਿੱਚ 9 ਟ੍ਰਿਲੀਅਨ ਡਾਲਰ ਦਾ ਬਾਜ਼ਾਰ ਮੁੱਲ ਗਾਇਬ ਹੋ ਗਿਆ।



ਦੋਸਤੋ, ਜੇਕਰ ਅਸੀਂ ਟਰੰਪ ਦੇ ਟੈਰਿਫ ਐਲਾਨ ਤੋਂ ਬਾਅਦ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਹਫੜਾ-ਦਫੜੀ ਦੀ ਗੱਲ ਕਰੀਏ, ਤਾਂ ਅਮਰੀਕੀ ਰਾਸ਼ਟਰਪਤੀ ਦੇ ਟੈਰਿਫ ਐਲਾਨ ਤੋਂ ਬਾਅਦ, ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਹਫੜਾ-ਦਫੜੀ ਮਚ ਗਈ। 7 ਅਪ੍ਰੈਲ 2025 ਦਾ ਦਿਨ ਕਈ ਦੇਸ਼ਾਂ ਲਈ ਕਾਲਾ ਦਿਨ ਸਾਬਤ ਹੋਇਆ। ਟਰੰਪ ਦੇ ਟੈਰਿਫਾਂ ਨੇ ਵਿਸ਼ਵਵਿਆਪੀ ਵਪਾਰ ਯੁੱਧ ਦੇ ਡਰ ਨੂੰ ਵਧਾ ਦਿੱਤਾ। ਇਸ ਨਾਲ ਨਿਵੇਸ਼ਕਾਂ ਵਿੱਚ ਘਬਰਾਹਟ ਅਤੇ ਅਨਿਸ਼ਚਿਤਤਾ ਦਾ ਮਾਹੌਲ ਪੈਦਾ ਹੋ ਗਿਆ, ਜਿਸਦੇ ਨਤੀਜੇ ਵਜੋਂ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਭਾਰੀ ਵਿਕਰੀ ਹੋਈ। ਸੋਮਵਾਰ ਨੂੰ ਸਭ ਤੋਂ ਵੱਧ ਘਾਟਾ ਦਰਜ ਕਰਨ ਵਾਲਾ ਹਾਂਗ ਕਾਂਗ ਸਭ ਤੋਂ ਉੱਪਰ ਦੇਸ਼ ਸੀ, ਜਿੱਥੇ ਹੈਂਗ ਸੇਂਗ ਇੰਡੈਕਸ 7 ਅਪ੍ਰੈਲ, 2025 ਨੂੰ 13.12 ਪ੍ਰਤੀਸ਼ਤ ਤੋਂ ਡਿੱਗ ਕੇ 13.60 ਪ੍ਰਤੀਸ਼ਤ ਹੋ ਗਿਆ, ਜੋ ਕਿ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਵੱਡੀ ਇੰਟਰਡੇ ਗਿਰਾਵਟ ਦੱਸੀ ਜਾ ਰਹੀ ਹੈ। ਅੱਜ, 1997 ਦੇ ਏਸ਼ੀਆਈ ਵਿੱਤੀ ਸੰਕਟ ਤੋਂ ਬਾਅਦ ਸਭ ਤੋਂ ਵੱਡੀ ਇੱਕ ਦਿਨ ਦੀ ਗਿਰਾਵਟ ਦਰਜ ਕੀਤੀ ਗਈ। ਹਾਂਗ ਕਾਂਗ ਵਿੱਚ ਵੱਡੀ ਗਿਰਾਵਟ ਦਾ ਕਾਰਨ ਚੀਨ 'ਤੇ ਲਗਾਇਆ ਗਿਆ 34 ਪ੍ਰਤੀਸ਼ਤ ਟੈਰਿਫ ਹੈ। ਹਾਂਗ ਕਾਂਗ ਦੀ ਆਰਥਿਕਤਾ ਚੀਨ 'ਤੇ ਨਿਰਭਰ ਹੈ, ਅਤੇ ਬੈਂਕਿੰਗ ਅਤੇ ਤਕਨਾਲੋਜੀ ਖੇਤਰਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਹੈਂਗ ਸੇਂਗ ਲਗਭਗ 23,000 ਤੱਕ ਡਿੱਗ ਗਿਆ। ਇੰਨਾ ਹੀ ਨਹੀਂ, ਕਈ ਕੰਪਨੀਆਂ ਦੇ ਸ਼ੇਅਰ 20 ਪ੍ਰਤੀਸ਼ਤ ਤੋਂ ਵੱਧ ਕਮਜ਼ੋਰ ਹੋ ਗਏ। ਸੋਮਵਾਰ ਨੂੰ ਟਾਈਐਕਸ ਇੰਡੈਕਸ 9.7 ਪ੍ਰਤੀਸ਼ਤ ਅਤੇ 10 ਪ੍ਰਤੀਸ਼ਤ ਦੇ ਵਿਚਕਾਰ ਡਿੱਗ ਗਿਆ। ਅੱਜ ਦਾ ਦਿਨ ਇੱਥੇ ਨਿਵੇਸ਼ਕਾਂ ਲਈ ਵੀ ਕਾਲਾ ਸੋਮਵਾਰ ਸਾਬਤ ਹੋਇਆ। ਇਹ ਇਤਿਹਾਸ ਵਿੱਚ ਸਭ ਤੋਂ ਵੱਡੇ ਇੱਕ-ਦਿਨ ਦੇ ਬੂੰਦਾਂ ਵਿੱਚੋਂ ਇੱਕ ਸੀ। ਬਾਜ਼ਾਰ ਦੀ ਸਥਿਤੀ ਨੂੰ ਕਾਬੂ ਕਰਨ ਲਈ, ਵਪਾਰ ਨੂੰ ਅਸਥਾਈ ਤੌਰ 'ਤੇ ਰੋਕਣਾ ਪਿਆ, ਯਾਨੀ ਕਿ ਇੱਕ ਸਰਕਟ ਬ੍ਰੇਕਰ ਲਾਗੂ ਕੀਤਾ ਗਿਆ। ਦੱਖਣੀ ਕੋਰੀਆ ਦਾ ਕੋਸਪੀ ਇੰਡੈਕਸ 3% ਅਤੇ 5% ਦੇ ਵਿਚਕਾਰ ਡਿੱਗ ਗਿਆ, ਥੋੜ੍ਹੇ ਸਮੇਂ ਲਈ ਹੇਠਲੇ ਸਰਕਟ 'ਤੇ ਆ ਗਿਆ। ਹੁੰਡਈ ਅਤੇ ਸੈਮਸੰਗ ਵਰਗੀਆਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਭਾਰੀ ਵਿਕਰੀ ਹੋਈ। ਸੈਂਸੈਕਸ 2,227 ਅੰਕ ਡਿੱਗ ਕੇ 73,138 'ਤੇ ਬੰਦ ਹੋਇਆ, ਜਦੋਂ ਕਿ ਨਿਫਟੀ 3% ਤੋਂ ਵੱਧ ਡਿੱਗ ਕੇ 22,200 ਤੋਂ ਹੇਠਾਂ ਬੰਦ ਹੋਇਆ। ਭਾਰਤ 26% ਟੈਰਿਫ ਤੋਂ ਪ੍ਰਭਾਵਿਤ ਹੋਇਆ ਸੀ, ਪਰ ਫਾਰਮਾ, ਸਟੀਲ ਅਤੇ ਆਟੋ ਸੈਕਟਰਾਂ ਨੂੰ ਦਿੱਤੀਆਂ ਗਈਆਂ ਕੁਝ ਛੋਟਾਂ ਦੇ ਕਾਰਨ ਨੁਕਸਾਨ ਦੂਜੇ ਦੇਸ਼ਾਂ ਜਿੰਨਾ ਡੂੰਘਾ ਨਹੀਂ ਸੀ। ਅਮਰੀਕਾ, ਚੀਨ, ਯੂਰਪ ਦੇ ਯੂਕੇ, ਜਰਮਨੀ ਅਤੇ ਫਰਾਂਸ ਦੇ ਬਾਜ਼ਾਰਾਂ ਵਿੱਚ ਵੀ ਭਾਰੀ ਗਿਰਾਵਟ ਦਰਜ ਕੀਤੀ ਗਈ।

ਦੋਸਤੋ, ਜੇਕਰ ਅਸੀਂ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਸ਼ੇਅਰ ਕਰੈਸ਼ ਦੇ ਪ੍ਰਭਾਵ ਬਾਰੇ ਗੱਲ ਕਰੀਏ, ਤਾਂ ਭਾਰਤੀ ਸ਼ੇਅਰ ਬਾਜ਼ਾਰ ਵੀ ਇਸ ਤੋਂ ਅਛੂਤਾ ਨਹੀਂ ਹੈ। ਹਫ਼ਤੇ ਦੇ ਪਹਿਲੇ ਦਿਨ ਬਾਜ਼ਾਰ ਖੁੱਲ੍ਹਦੇ ਹੀ ਸੈਂਸੈਕਸ ਲਗਭਗ 4,000 ਅੰਕ ਡਿੱਗ ਗਿਆ ਜਦੋਂ ਕਿ ਨਿਫਟੀ ਵੀ 900 ਅੰਕਾਂ ਤੋਂ ਵੱਧ ਡਿੱਗ ਗਿਆ।ਇਸਗਿਰਾਵਟ ਕਾਰਨ ਨਿਵੇਸ਼ਕਾਂ ਨੂੰ 19.4 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਭਾਰਤ ਦੇ ਨਾਲ-ਨਾਲ ਹੋਰ ਏਸ਼ੀਆਈ ਬਾਜ਼ਾਰਾਂ ਵਿੱਚ ਵੀ ਗਿਰਾਵਟ ਦੇਖਣ ਨੂੰ ਮਿਲੀ ਹੈ। ਟਾਟਾ ਗਰੁੱਪ ਦੇ ਸ਼ੇਅਰ ਆਮ ਤੌਰ 'ਤੇ ਇੱਕ ਸੁਰੱਖਿਅਤ ਬਾਜ਼ੀ ਮੰਨੇ ਜਾਂਦੇ ਹਨ। ਪਰ ਅੱਜ ਟਾਟਾ ਗਰੁੱਪ ਦੇ ਸ਼ੇਅਰਾਂ ਵਿੱਚ ਭਾਰੀ ਗਿਰਾਵਟ ਆਈ ਅਤੇ ਗਰੁੱਪ ਦੇ ਕਈ ਸ਼ੇਅਰ 52 ਹਫ਼ਤਿਆਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਏ। ਇਸ ਕਾਰਨ ਨਿਵੇਸ਼ਕਾਂ ਨੂੰ ਕੁਝ ਹੀ ਘੰਟਿਆਂ ਵਿੱਚ 1.49 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। ਜਾਪਾਨ ਦਾ ਨਿੱਕੇਈ 225 ਸੂਚਕਾਂਕ 7.8 ਪ੍ਰਤੀਸ਼ਤ ਡਿੱਗ ਕੇ 1.5 ਸਾਲ ਦੇ ਹੇਠਲੇ ਪੱਧਰ 'ਤੇ ਆ ਗਿਆ। ਇਸ ਦੌਰਾਨ, ਟਰੰਪ ਨੇ ਆਪਣੀ ਨੀਤੀ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਵਪਾਰ ਅਸੰਤੁਲਨ ਨੂੰ ਠੀਕ ਕਰਨਾ ਜ਼ਰੂਰੀ ਹੈ ਪਰ ਮੰਦੀ ਅਤੇ ਮਹਿੰਗਾਈ ਕਾਰਨ ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਦਹਿਸ਼ਤ ਹੈ। ਯੂਰਪ ਵਿੱਚ ਵੀ ਸ਼ੁਰੂਆਤੀ ਵਪਾਰ ਵਿੱਚ ਭਾਰੀ ਗਿਰਾਵਟ ਦੇਖੀ ਜਾ ਰਹੀ ਹੈ। ਸੋਮਵਾਰ ਨੂੰ ਬਾਜ਼ਾਰ ਖੁੱਲ੍ਹਦੇ ਹੀ, ਸ਼ੇਅਰ ਬਾਜ਼ਾਰ 16 ਮਹੀਨਿਆਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਜਰਮਨੀ ਵਿੱਚ DOCS ਇੰਡੈਕਸ ਲਗਭਗ 10 ਪ੍ਰਤੀਸ਼ਤ ਡਿੱਗ ਗਿਆ ਹੈ, ਜਦੋਂ ਕਿ ਲੰਡਨ ਦਾ FTSE 100 ਲਗਭਗ 6 ਪ੍ਰਤੀਸ਼ਤ ਦੀ ਗਿਰਾਵਟ ਨਾਲ ਕਾਰੋਬਾਰ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਦੇ ਟੈਰਿਫ ਤੋਂ ਬਾਅਦ ਮੰਦੀ ਦੇ ਡਰ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਚੀਨ ਦੀ ਜਵਾਬੀ ਕਾਰਵਾਈ ਦੇ ਬਾਵਜੂਦ, ਟਰੰਪ ਨੇ ਆਪਣੀ ਯੋਜਨਾ ਤੋਂ ਪਿੱਛੇ ਹਟਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ।

ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਸ਼ੇਅਰ ਬਾਜ਼ਾਰ ਦੇ ਕਾਲੇ ਦਿਨਾਂ ਦੇ ਇਤਿਹਾਸ ਦੀ ਗੱਲ ਕਰੀਏ, ਕੁਝ ਮਿੰਟਾਂ ਵਿੱਚ 19 ਲੱਖ ਕਰੋੜ ਦਾ ਨੁਕਸਾਨ ਹੋਇਆ, ਭਾਰਤੀ ਸ਼ੇਅਰ ਬਾਜ਼ਾਰ ਵਿੱਚ ਹਫੜਾ-ਦਫੜੀ ਮਚ ਗਈ, ਤਾਂ ਜਾਣੋ ਸੈਂਸੈਕਸ ਵਿੱਚ ਕਦੋਂ ਵੱਡੀ ਗਿਰਾਵਟ ਆਈ। ਭਾਰਤੀ ਸਟਾਕ ਮਾਰਕੀਟ ਨੇ ਕਈ ਸੁਨਹਿਰੀ ਪਲ ਦੇਖੇ ਹਨ, ਪਰ ਇਸਦੇ ਇਤਿਹਾਸ ਵਿੱਚ ਕੁਝ ਕਾਲੇ ਦਿਨ ਵੀ ਦਰਜ ਹਨ ਜਦੋਂ ਸੈਂਸੈਕਸ ਵਿੱਚ ਭਾਰੀ ਗਿਰਾਵਟ ਆਈ ਹੈ, ਵਿਸ਼ਵਵਿਆਪੀ ਸੰਕਟ ਤੋਂ ਲੈ ਕੇ ਘਰੇਲੂ ਅਨਿਸ਼ਚਿਤਤਾ ਤੱਕ, ਇਨ੍ਹਾਂ ਘਟਨਾਵਾਂ ਨੇ ਨਿਵੇਸ਼ਕਾਂ ਨੂੰ ਸਦਮੇ ਦੀ ਸਥਿਤੀ ਵਿੱਚ ਪਾ ਦਿੱਤਾ ਹੈ। ਕਈ ਵਾਰ ਸਥਿਤੀ ਅਜਿਹੀ ਬਣ ਗਈ ਹੈ ਕਿ ਬਾਜ਼ਾਰ ਵਿੱਚ ਟ੍ਰੇਡਿੰਗ ਨੂੰ ਕੁਝ ਸਮੇਂ ਲਈ ਰੋਕਣਾ ਪਿਆ ਹੈ। (1) 4 ਜੂਨ, 2024 ਨੂੰ ਇੱਕ ਵੱਡੀ ਗਿਰਾਵਟ ਆਈ: ਚੋਣ ਨਤੀਜੇ ਵਾਲੇ ਦਿਨ ਸਟਾਕ ਮਾਰਕੀਟ ਦੇ ਵਪਾਰ ਸ਼ੁਰੂ ਹੁੰਦੇ ਹੀ ਸ਼ੁਰੂ ਹੋਈ ਗਿਰਾਵਟ ਵਧਦੀ ਗਈ। ਬੀਐਸਈ ਸੈਂਸੈਕਸ, ਜਿਸ ਵਿੱਚ 30 ਸ਼ੇਅਰ ਸ਼ਾਮਲ ਸਨ, ਨੇ ਉਸ ਦਿਨ 1700 ਅੰਕਾਂ ਦੀ ਗਿਰਾਵਟ ਨਾਲ ਕਾਰੋਬਾਰ ਸ਼ੁਰੂ ਕੀਤਾ ਅਤੇ ਦੁਪਹਿਰ 12.20 ਵਜੇ ਤੱਕ, ਇਹ 6094 ਅੰਕਾਂ ਦੀ ਗਿਰਾਵਟ ਨਾਲ 70,374 ਦੇ ਪੱਧਰ 'ਤੇ ਪਹੁੰਚ ਗਿਆ ਸੀ। (2) 23 ਮਾਰਚ 2020 - ਕੋਵਿਡ-19 ਮਹਾਂਮਾਰੀ ਦੇ ਕਾਰਨ, ਸੈਂਸੈਕਸ 3,935 ਅੰਕਾਂ ਨਾਲ ਡਿੱਗ ਗਿਆ, ਤਾਲਾਬੰਦੀ ਦੇ ਡਰ ਕਾਰਨ ਬਾਜ਼ਾਰ ਡਿੱਗ ਗਏ ਅਤੇ ਨਿਵੇਸ਼ਕਾਂ ਨੂੰ ਭਾਰੀ ਨੁਕਸਾਨ ਹੋਇਆ। (3).12 ਮਾਰਚ 2020 – ਸੈਂਸੈਕਸ 2,919 ਅੰਕਾਂ ਤੱਕ ਡਿੱਗਿਆ: ਕੋਰੋਨਾ ਦੇ ਵਿਸ਼ਵਵਿਆਪੀ ਫੈਲਾਅ ਅਤੇ ਯੈੱਸ ਬੈਂਕ ਸੰਕਟ ਨੇ ਸੈਂਸੈਕਸ ਨੂੰ 2,919 ਅੰਕਾਂ ਤੱਕ ਹੇਠਾਂ ਖਿੱਚ ਲਿਆ। 10 ਪ੍ਰਤੀਸ਼ਤ ਲੋਅਰ ਸਰਕਟ ਲੱਗਿਆ, ਵਪਾਰ ਰੁਕ ਗਿਆ (4) 9 ਮਾਰਚ 2020 - ਸੈਂਸੈਕਸ 1,941 ਅੰਕ ਡਿੱਗਿਆ: ਤੇਲ ਦੀਆਂ ਡਿੱਗਦੀਆਂ ਕੀਮਤਾਂ ਅਤੇ ਕੋਵਿਡ-19 ਦੀਆਂ ਚਿੰਤਾਵਾਂ ਦੇ ਵਿਚਕਾਰ ਸੈਂਸੈਕਸ 1,941 ਅੰਕ ਡਿੱਗ ਗਿਆ। (5) 27 ਫਰਵਰੀ 2020 – ਸੈਂਸੈਕਸ ਵਿੱਚ ਕੋਵਿਡ-19 ਦੇ ਵਧਦੇ ਮਾਮਲਿਆਂ ਨੇ ਬਾਜ਼ਾਰ ਨੂੰ ਡਰਾ ਦਿੱਤਾ। ਸੈਂਸੈਕਸ 1,448 ਅੰਕ ਡਿੱਗ ਗਿਆ, ਜਿਸ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਹਿੱਲ ਗਿਆ। (6) 24 ਫਰਵਰੀ 2020 – ਸੈਂਸੈਕਸ 806 ਅੰਕ ਡਿੱਗਿਆ: ਕੋਰੋਨਾ ਦੇ ਵਿਸ਼ਵਵਿਆਪੀ ਪ੍ਰਭਾਵ ਦੀ ਸ਼ੁਰੂਆਤ ਵਿੱਚ, ਸੈਂਸੈਕਸ 806 ਅੰਕ ਡਿੱਗ ਗਿਆ। ਇਹ ਮਹਾਂਮਾਰੀ ਨਾਲ ਸਬੰਧਤ ਪਹਿਲੀ ਵੱਡੀ ਗਿਰਾਵਟ ਸੀ। (7) 6 ਫਰਵਰੀ 2020 – ਸੈਂਸੈਕਸ 1,000 ਅੰਕ ਡਿੱਗਿਆ: ਬਜਟ ਤੋਂ ਬਾਅਦ ਦੀ ਅਨਿਸ਼ਚਿਤਤਾ ਅਤੇ ਵਿਸ਼ਵਵਿਆਪੀ ਸੰਕੇਤਾਂ ਕਾਰਨ ਸੈਂਸੈਕਸ ਲਗਭਗ 1,000 ਅੰਕ ਡਿੱਗ ਗਿਆ। ਬਾਜ਼ਾਰ ਵਿੱਚ ਉਤਰਾਅ-ਚੜ੍ਹਾਅ ਵਧਿਆ (8) ਫਰਵਰੀ 2020 - ਸੈਂਸੈਕਸ 2,100 ਅੰਕ ਡਿੱਗਿਆ: ਬਜਟ ਦੀ ਨਿਰਾਸ਼ਾ ਅਤੇ ਆਰਥਿਕ ਮੰਦੀ ਦੇ ਡਰ ਕਾਰਨ ਸੈਂਸੈਕਸ ਲਗਭਗ 2,100 ਅੰਕ ਡਿੱਗ ਗਿਆ। ਨਿਵੇਸ਼ਕਾਂ ਵਿੱਚ ਬੇਚੈਨੀ ਸੀ।

ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਕਰੀਏ ਅਤੇ ਇਸਦਾ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਹਾਏ ਰੱਬਾ! - ਪੂਰੀ ਦੁਨੀਆ ਦਾ ਸਟਾਕ ਮਾਰਕੀਟ ਖੂਨ ਵਹਿ ਰਿਹਾ ਹੈ! ਦੁਨੀਆ ਭਰ ਦੇ ਸਟਾਕ ਬਾਜ਼ਾਰਾਂ ਵਿੱਚ ਹਫੜਾ-ਦਫੜੀ ਹੈ! ਭਾਰਤ ਵਿੱਚ ਕੁਝ ਮਿੰਟਾਂ ਵਿੱਚ 19 ਲੱਖ ਕਰੋੜ ਦਾ ਨੁਕਸਾਨ: 7 ਅਪ੍ਰੈਲ ਨੂੰ ਇੱਕ ਹੀ ਦਿਨ ਵਿੱਚ ਭਾਰਤੀ ਸਟਾਕ ਮਾਰਕੀਟ ਵਿੱਚ ਆਈ ਭਾਰੀ ਗਿਰਾਵਟ ਪਹਿਲੀ ਵਾਰ ਨਹੀਂ ਹੈ, ਇਹ ਪਹਿਲਾਂ ਵੀ ਕਈ ਵਾਰ ਹੋ ਚੁੱਕੀ ਹੈ - ਡੂੰਘੀ ਸੋਚ-ਵਿਚਾਰ ਜ਼ਰੂਰੀ ਹੈ।

-ਕੰਪਾਈਲਰ ਲੇਖਕ - ਕਾਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏ.ਟੀ.ਸੀ) ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ 9284141425

ਸਫਾ 4 ਦਾ ਬਾਕੀ ਭਾਗ

ਵਾਰ ਨਹਾਉਣਾ

* ਛੱਤਾਂ 'ਤੇ ਤੂੜੀ ਪਾਉਣਾ ਜਾਂ ਸਬਜ਼ੀਆਂ ਉਗਾਉਣਾ ਤਾਪਮਾਨ ਘੱਟ ਰੱਖਦਾ ਹੈ

* ਜੇਕਰ ਕਸਰਤ ਕਰ ਰਹੇ ਹੋ, ਤਾਂ ਹੌਲੀ-ਹੌਲੀ ਸ਼ੁਰੂ ਕਰੋ ਅਤੇ ਅੰਤ ਵਿੱਚ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਹੋਣ ਲਈ ਕੁਝ ਦਿਨਾਂ ਵਿੱਚ ਇਸਨੂੰ ਵਧਾਓ

* ਪਿਆਜ਼ ਦਾ ਸਲਾਦ ਅਤੇ ਕੱਚਾ ਅੰਬ ਨਮਕ ਅਤੇ ਜੀਰੇ ਨਾਲ ਖਾਣ ਵਰਗੇ ਰਵਾਇਤੀ ਉਪਚਾਰ ਗਰਮੀ ਦੇ ਪ੍ਰਕੋਪ ਨੂੰ ਘਟਾ ਸਕਦੇ ਹਨ।

## ਨਾ ਕਰੋ

* ਨੰਗੇ ਪੈਰੀਂ ਬਾਹਰ ਨਾ ਜਾਓ, ਧੁੱਪ ਵਿੱਚ ਬਾਹਰ ਜਾਂਦੇ ਸਮੇਂ ਹਮੇਸ਼ਾ ਜੁੱਤੇ ਜਾਂ ਚੱਪਲਾਂ ਪਾਓ।

* ਧੁੱਪ ਵਿੱਚ ਬਾਹਰ ਜਾਣ ਤੋਂ ਬਚੋ, ਖਾਸ ਕਰਕੇ ਦੁਪਹਿਰ 12 ਵਜੇ ਤੋਂ 3 ਵਜੇ ਦੇ ਵਿਚਕਾਰ।

* ਗਰਮੀਆਂ ਦੇ ਸਿਖਰ ਦੇ ਸਮੇਂ ਦੌਰਾਨ ਖਾਣਾ ਪਕਾਉਣ ਤੋਂ ਬਚੋ, ਰਸੋਈ ਦੇ ਖੇਤਰ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ।

* ਸ਼ਰਾਬ, ਚਾਹ, ਕੌਫੀ, ਅਤੇ ਕਾਰਬੋਨੇਟਿਡ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਬਚੋ, ਕਿਉਂਕਿ ਇਹ ਅਸਲ ਵਿੱਚ ਸਰੀਰ ਦੇ ਤਰਲ ਪਦਾਰਥਾਂ ਨੂੰ ਖਤਮ ਕਰ ਦਿੰਦੇ ਹਨ।

* ਤਲੇ ਹੋਏ ਭੋਜਨ ਤੋਂ ਬਚੋ, ਬਾਸੀ ਭੋਜਨ ਨਾ ਖਾਓ।

* ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ ਵਿੱਚ ਨਾ ਛੱਡੋ।

ਲੱਛਣ ਜਿਨ੍ਹਾਂ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ

* ਬੇਚੈਨੀ, ਬੋਲਣ ਵਿੱਚ ਮੁਸ਼ਕਲ, ਚਿੜਚਿੜਾਪਨ, ਅਟੈਕਸਿਆ, ਸਲਰਡ ਸਪੀਚ, ਦੌਰੇ ਪੈਣਾ ਆਦਿ ਦੇ ਨਾਲ ਮਾਨਸਿਕ ਸੰਤੁਲਨ ਵਿੱਚ ਬਦਲਾਅ

* ਗਰਮ, ਲਾਲ ਅਤੇ ਖੁਸ਼ਕ ਚਮੜੀ

* ਜਦੋਂ ਸਰੀਰ ਦਾ ਤਾਪਮਾਨ 40 ਡਿਗਰੀ ਜਾਂ ਵੱਧ ਹੋ ਜਾਵੇ

* ਗੰਭੀਰ ਸਿਰ ਦਰਦ

* ਚਿੰਤਾ, ਚੱਕਰ ਆਉਣੇ, ਬੇਹੋਸ਼ੀ ਅਤੇ ਹਲਕਾ ਸਿਰ ਦਰਦ

* ਮਾਸਪੇਸ਼ੀਆਂ ਦੀ ਕਮਜ਼ੋਰੀ ਜਾਂ ਇੱਕ ਘੰਟੇ ਤੋਂ ਵੱਧ ਸਮੇਂ ਤੱਕ ਕੜਵੱਲ

* ਉਲਟੀਆਂ

* ਦਿਲ ਦੀ ਧੜਕਣ ਵਧਣਾ

* ਸਾਹ ਚੜ੍ਹਨਾ

## ਕੀ ਕਰਨਾ ਹੈ:

ਯਾਦ ਰੱਖੋ, ਜੇਕਰ ਤੁਹਾਨੂੰ ਕੋਈ ਅਜਿਹਾ ਵਿਅਕਤੀ ਮਿਲਦਾ ਹੈ, ਜਿਸ ਦੇ ਸਰੀਰ ਦਾ ਤਾਪਮਾਨ ਬਹੁਤ ਵੱਧ ਹੈ, ਜੋ ਬੇਹੋਸ਼ ਹੈ , ਬੇਚੈਨ ਹੈ, ਜਾਂ ਜਿਸਨੂੰ ਪਸੀਨਾ ਆਉਣਾ ਬੰਦ ਹੋ ਗਿਆ ਹੈ, ਤਾਂ ਤੁਰੰਤ 104 ਮੈਡੀਕਲ ਹੈਲਪਲਾਈਨ 'ਤੇ ਕਾਲ ਕਰੋ। ਐਂਬੂਲੈਂਸ ਦੇ ਆਉਣ ਤੱਕ, ਉਸਨੂੰ ਛਾਂ ਵਿੱਚ ਲਿਜਾ ਕੇ, ਪੱਖਾ ਲਗਾ ਕੇ, ਅਤੇ ਜੇ ਸੰਭਵ ਹੋਵੇ, ਤਾਂ ਉਸ ਦੇ ਸਰੀਰ 'ਤੇ ਠੰਡੇ ਪਾਣੀ ਦੀਆਂ ਪੱਟੀਆਂ ਧਰੋ। ਜਲਦੀ ਕਾਰਵਾਈ ਕਰਨ ਨਾਲ ਕਿਸੇ ਜਾਨ ਬਚ ਸਕਦੀ ਹੈ।

# ਇਫਟੂ ਨਵਾਂਸ਼ਹਿਰ ਵਿਖੇ ਮਨਾਏਗੀ ਕੌਮਾਂਤਰੀ ਮਜਦੂਰ ਦਿਵਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼(ਇਫਟੂ) ਵਲੋਂ ਪਹਿਲੀ ਮਈ ਨੂੰ ਕੌਮਾਂਤਰੀ ਮਜਦੂਰ ਦਿਵਸ ਵਿਸ਼ਵਕਰਮਾ ਮੰਦਰ, ਰਾਹੋਂ ਰੋਡ ਨਵਾਂਸ਼ਹਿਰ ਵਿਖੇ ਜਿਲਾ ਪੱਧਰ ਉੱਤੇ ਮਨਾਇਆ ਜਾਵੇਗਾ ਜਿਸ ਵਿੱਚ ਚਾਰ ਕਿਰਤ ਕੋਡ ਰੱਦ ਕਰਕੇ ਪਹਿਲੇ ਕਿਰਤ ਕਾਨੂੰਨਾਂ ਨੂੰ ਬਹਾਲ ਕਰਨ, ਠੇਕਾ ਵਰਕਰਾਂ, ਸਕੀਮ ਵਰਕਰਾਂ ਅਤੇ ਆਉਟਸੋਰਸਿੰਗ ਵਰਕਰਾਂ ਨੂੰ ਰੈਗੂਲਰ ਕਰਨ, ਪ੍ਰਵਾਸੀ



ਮਜਦੂਰਾਂ ਨੂੰ ਕਿਸੇ ਵੀ ਦੇਸ਼ ਵਿੱਚ ਬਿਨਾਂ ਵੀਜ਼ਾ ਜਾਣ ਦੀ ਇਜਾਜ਼ਤ ਦੇਣ, ਅਮਰੀਕਾ ਸਮੇਤ ਕਿਸੇ ਵੀ ਦੇਸ਼ ਵਿੱਚੋਂ ਪ੍ਰਵਾਸੀ ਲੇਬਰ ਡਿਪੋਰਟ ਕਰਨਾ ਬੰਦ ਕਰਨ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਜਾਵੇਗਾ।ਇਸਦੀਆਂ ਤਿਆਰੀਆਂ ਨੂੰ ਲੈਕੇ ਇਫਟੂ ਦੀ ਜਿਲਾ ਕਮੇਟੀ ਦੀ ਮੀਟਿੰਗ ਹੋਈ ਮੀਟਿੰਗ ਦੀ ਜਾਣਕਾਰੀ ਪ੍ਰੈਸ ਨੂੰ ਜਾਰੀ ਕਰਦਿਆਂ ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਨੇ ਦੱਸਿਆ ਕਿ ਮਈ ਦਿਵਸ ਦੀਆਂ ਤਿਆਰੀਆਂ ਨੂੰ ਲੈਕੇ 15 ਅਪ੍ਰੈਲ ਤੋਂ 30 ਅਪ੍ਰੈਲ ਤੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਜਿਸ ਤਹਿਤ ਮੀਟਿੰਗਾਂ, ਝੰਡਾ ਮਾਰਚ ਅਤੇ ਜਾਗੋ ਕੱਢੀਆਂ ਜਾਣਗੀਆਂ। ਮਈ ਦਿਵਸ ਤੇ ਕਾਨਫਰੰਸ ਕਰਨ ਤੋਂ ਬਾਅਦ ਸ਼ਹਿਰ ਵਿਚ ਵਿਸ਼ਾਲ ਮੁਜਾਹਰਾ ਵੀ ਕੀਤਾ ਜਾਵੇਗਾ।

ਅੱਜ ਦੀ ਮੀਟਿੰਗ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾਈ ਸਹਾਕ ਸਕੱਤਰ ਅਵਤਾਰ ਸਿੰਘ ਤਾਰੀ,ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੰਬੋਧਨ ਕੀਤਾ।ਇਸ ਮੀਟਿੰਗ ਵਿੱਚ ਸ਼ਿਵ ਨੰਦਨ, ਬਬਲੂ ਕੁਮਾਰ ਸਲੋਹ, ਭਰਤ ਕੁਮਾਰ, ਜਗੀਰਾ ਬੈਂਸ, ਕਿਸ਼ੋਰ ਕੁਮਾਰ ਵੀ ਮੌਜੂਦ ਸਨ।

# ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਸਕੂਲਾਂ 'ਚ 30 ਲੱਖ ਰੁਪਏ ਦੇ ਕੰਮਾਂ ਦਾ ਉਦਘਾਟਨ ਕੀਤਾ

## ਪਹਿਲੀ ਵਾਰ ਕਿਸੇ ਸਰਕਾਰ ਨੇ ਸਿੱਖਿਆ ਨੂੰ ਬਣਦੀ ਤਰਜ਼ੀਹ ਦਿੱਤੀ - ਡਾ. ਰਾਜ ਕੁਮਾਰ ਚੱਬੇਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ)

ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਸਿੱਖਿਆ ਕ੍ਰਾਂਤੀ' ਤਹਿਤ ਹਲਕਾ ਚੱਬੇਵਾਲ ਵਿਖੇ ਤਿੰਨ ਸਕੂਲਾਂ ਵਿਚ ਕਰੀਬ 30 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਸਿੱਖਿਆ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪੂਰੀ ਤਰ੍ਹਾਂ ਸੁਹਿਰਦ ਅਤੇ ਵਚਨਬੱਧ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾੜੀਆਂ ਕਲਾਂ ਵਿਖੇ 18.72 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਬਾੜੀਆਂ ਕਲਾਂ ਵਿਖੇ 9.1 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭੂੰਨੋ ਵਿਖੇ 2.5 ਲੱਖ ਰੁਪਏ ਦੀ



ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਕੰਮਾਂ ਦਾ ਉਦਘਾਟਨ ਅਤੇ ਵਿਦਿਆਰਥੀਆਂ ਨੂੰ ਸਾਈਕਲ ਵੰਡਣ ਮੌਕੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਵਿਚ ਸਿੱਖਿਆ ਦੇ ਖੇਤਰ ਨੂੰ ਬਣਦੀ ਤਰਜ਼ੀਹ ਪਹਿਲੀ ਵਾਰ ਦਿੱਤੀ ਗਈ ਹੈ ਜਿਸ ਦਾ ਸਿਹਰਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਨਾ ਸਿਰਫ਼ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤੀ ਮਿਲ ਰਹੀ ਹੈ ਸਗੋਂ ਸਿੱਖਿਆ ਦੇ ਪੱਧਰ ਵਿਚ ਵੱਡੇ ਸੁਧਾਰਾਂ ਦੇ ਨਾਲ-ਨਾਲ ਅਧਿਆਪਕਾਂ ਨੂੰ ਵਿਦੇਸ਼ੀ ਸੰਸਥਾਵਾਂ ਵਿਚ ਟਰੇਨਿੰਗ ਪ੍ਰਦਾਨ ਕਰਵਾਈ ਜਾ ਰਹੀ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਸਿੱਖਿਆ ਦੇ ਨਕਸ਼ੇ 'ਤੇ ਸ਼ਾਨਦਾਰ ਢੰਗ ਨਾਲ ਉਭਰ ਰਿਹਾ ਹੈ। ਪੰਜਾਬ ਸਰਕਾਰ ਵਲੋਂ ਸੂਬੇ ਦੇ ਕੁੱਲ ਬਜਟ ਦਾ 12ਫੀਸਦੀ ਸਿੱਖਿਆ ਦੇ ਖੇਤਰ ਲਈ ਰਾਂਖਵਾਂ ਰੱਖਣ ਦੀ ਗੱਲ ਕਰਦਿਆਂ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਨੂੰ ਹਰ ਪੱਖੋਂ ਮਜ਼ਬੂਤ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਇਸ ਮਕਸਦ ਲਈ ਰੱਖੇ 17975 ਕਰੋੜ ਰੁਪਏ ਨਾਲ ਇਸ ਖੇਤਰ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਯਤਨਾਂ ਸਦਕਾ ਅਧਿਆਪਨ ਦੇ ਖੇਤਰ ਵਿਚ ਲੋੜੀਂਦੀ ਤਬਦੀਲੀ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਮੌਜੂਦਾ ਯੁੱਗ 'ਚ ਮੁਕਾਬਲੇਬਾਜ਼ੀ ਦੇ ਮੱਦੇਨਜ਼ਰ ਮਿਆਰੀ ਸਿੱਖਿਆ ਹਾਸਲ ਹੋ ਰਹੀ ਹੈ ਜਿਸ ਨਾਲ ਉਹ ਦੇਸ਼-ਵਿਦੇਸ਼ ਵਿਚ ਚੁਣੌਤੀਆਂ ਦਾ ਸਹਿਜੇ ਸਾਹਮਣਾ ਕਰ ਸਕਣਗੇ। ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਵੱਡੇ ਸੁਧਾਰ ਕੀਤੇ ਗਏ ਹਨ ਅਤੇ ਭਵਿੱਖ ਵਿਚ ਵੀ ਇਹ ਸੁਧਾਰ ਜਾਰੀ ਰਹਿਣਗੇ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ, ਵਿਦਿਆਰਥੀ, ਮਾਪੇ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਮੌਸਮ 'ਚ ਵੱਧ ਰਹੇ ਤਾਪਮਾਨ ਦੇ ਮੱਦੇਨਜ਼ਰ ਚੌਕਸ ਰਹਿਣ ਲੋਕ, ਲੂ ਤੋਂ ਬਚਣ ਲਈ ਵਰਤਣ ਸਾਵਧਾਨੀਆਂ - ਡਿਪਟੀ ਕਮਿਸ਼ਨਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ)

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਮੌਸਮ ਵਿਚ ਵੱਧ ਰਹੀ ਗਰਮੀ ਤੇ ਤਾਪਮਾਨ ਦੇ ਮੱਦੇਨਜ਼ਰ ਲੂ ਤੋਂ ਬਚਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਦਿਆਂ ਪੂਰੀ ਤਰ੍ਹਾਂ ਚੌਕਸ ਰਿਹਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੌਸਮ ਬਾਰੇ ਲੋੜੀਂਦੀ ਜਾਣਕਾਰੀ ਰੱਖਣ ਦੇ ਨਾਲ-ਨਾਲ ਆਵਾਜਾਈ ਵੇਲੇ ਲੂ ਤੋਂ ਬਚਣ ਲਈ ਖਾਸ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਲੋਕਾਂ ਨੂੰ ਲੂ ਤੋਂ ਬਚਣ ਲਈ ਜਾਗਰੂਕਤਾ ਨੂੰ ਫੈਲਾਉਣ ਬਾਰੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਜਾਰੀ ਸਲਾਹਕਾਰੀ ਅਨੁਸਾਰ ਨਵਜੰਮੇ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਬਜ਼ੁਰਗਾਂ, ਮੋਟੇ ਵਿਅਕਤੀਆਂ, ਦਿਲ ਦੇ ਮਰੀਜ਼ ਆਦਿ ਲੂ ਤੋਂ ਬਚਣ ਦਾ ਖਾਸ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਜ਼ਿਆਦਾ ਗਰਮੀ ਵਾਲੇ ਮੌਸਮ ਦੌਰਾਨ ਹਲਕੇ ਕੱਪੜੇ ਪਾਉਣ ਨੂੰ ਤਰਜ਼ੀਹ ਦਿੱਤੀ ਜਾਵੇ।



ਉਨ੍ਹਾਂ ਕਿਹਾ ਕਿ ਪਸ਼ੂਆਂ ਅਤੇ ਪਾਲਤੂ ਜਾਨਵਰਾਂ ਦਾ ਵੀ ਧਿਆਨ ਰੱਖਿਆ ਜਾਵੇ।

# ਡਿਪਟੀ ਸਪੀਕਰ ਨੇ 4 ਸਕੂਲਾਂ 'ਚ 81.36 ਲੱਖ ਰੁਪਏ ਦੀ ਲਾਗਤ ਵਾਲੇ ਨਵੀਨੀਕਰਨ ਦੇ ਕੰਮਾਂ ਦਾ ਕੀਤਾ ਉਦਘਾਟਨ

## ਸਕੂਲਾਂ 'ਚ ਵਿਦਿਆਰਥੀਆਂ ਤੇ ਮਾਪਿਆਂ ਨਾਲ ਹੋਏ ਰੂਬਰੂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ 4 ਸਰਕਾਰੀ ਸਕੂਲਾਂ ਵਿਚ ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨਾਲ ਰੂਬਰੂ ਹੁੰਦਿਆਂ ਕਿਹਾ ਕਿ ਸੂਬਾ ਸਰਕਾਰ ਲਈ ਸਿੱਖਿਆ ਇਕ ਤਰਜੀਹੀ ਖੇਤਰ ਹੈ ਜਿਸ 'ਤੇ ਪਹਿਰਾ ਦਿੰਦਿਆਂ ਪੰਜਾਬ ਵਿਚ ਸਕੂਲਾਂ ਦੀ ਨੁਹਾਰ ਬਦਲੀ ਹੈ। ਉਨ੍ਹਾਂ ਕਿਹਾ ਕਿ ਅੱਜ ਗੜ੍ਹਸ਼ੰਕਰ ਹਲਕੇ ਦੇ ਚਾਰ ਸਕੂਲਾਂ ਵਿਚ 81.36 ਲੱਖ ਰੁਪਏ ਦੀ ਲਾਗਤ ਵਾਲੇ ਕੰਮਾਂ ਦਾ ਉਦਘਾਟਨ ਕੀਤਾ ਗਿਆ ਜਿਸ ਨਾਲ ਵਿਦਿਆਰਥੀਆਂ ਨੂੰ ਹੋਰ ਵਧੀਆ ਸਹੂਲਤਾਂ ਮਿਲਣਗੀਆਂ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੀਰਮਪੁਰ, ਸਰਕਾਰੀ ਹਾਈ ਸਕੂਲ ਬੀਰਮਪੁਰ, ਸਰਕਾਰੀ ਐਲੀਮੈਂਟਰੀ ਸਕੂਲ ਹਾਜੀਪੁਰ, ਸਰਕਾਰੀ



ਪ੍ਰਾਇਮਰੀ ਸਕੂਲ ਰਾਮਪੁਰ ਬਿਲੜੋਂ ਵਿਚ ਵੱਖ-ਵੱਖ ਮੁਕੰਮਲ ਹੋ ਚੁੱਕੇ ਕੰਮਾਂ ਦਾ ਉਦਘਾਟਨ ਕਰਦਿਆਂ ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਅੰਦਰ ਸਿੱਖਿਆ ਦੇ ਖੇਤਰ ਵਿਚ ਵੱਡੀਆਂ ਪੁਲਾਂਘਾ ਪੁੱਟੀਆਂ ਗਈਆਂ ਹਨ ਜਿਨ੍ਹਾਂ ਵਿਚ ਵਿਦਿਆਰਥੀਆਂ ਅੰਦਰ ਬੁਨਿਆਦੀ ਹੁਨਰਾਂ ਨੂੰ ਮਜ਼ਬੂਤ ਕਰਨਾ, ਅਧਿਆਪਨ ਤਰੀਕਿਆਂ ਵਿਚ ਸਮੇਂ ਅਨੁਸਾਰ ਤਬਦੀਲੀ, ਮੈਗਾ ਮਾਪੇ-ਅਧਿਆਪਕ ਮਿਲਣੀਆਂ, ਸਿੱਖਿਆ ਵਿਭਾਗ ਦੇ ਪ੍ਰਿੰਸੀਪਲਾਂ, ਹੈਡਮਾਸਟਰ ਅਤੇ ਅਧਿਆਪਕਾਂ ਨੂੰ ਵਿਦੇਸ਼ਾਂ ਵਿਚ ਟਰੇਨਿੰਗ ਮੁੱਖ ਤੌਰ 'ਤੇ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਮਕਸਦ ਨਾਲ ਸਕੂਲਜ਼ ਆਫ਼ ਐਮੀਨੈਂਸ ਅਤੇ ਸਕੂਲ ਆਫ਼ ਬ੍ਰਿਲਿਐਂਸ ਦੀ ਸਥਾਪਿਤੀ, 425 ਪ੍ਰਾਇਮਰੀ ਸਕੂਲਾਂ ਨੂੰ ਸਕੂਲ ਆਫ਼ ਹੈਪੀਨੈਸ ਵਿਚ ਤਬਦੀਲ ਕਰਨਾ ਅਤੇ ਸਕੂਲਾਂ ਵਿਚ ਬੁਨਿਆਦੀ ਢਾਂਚੇ ਨੂੰ ਨਵੀਂ ਦਿਖ ਰਾਹੀਂ ਵਿਦਿਆਰਥੀਆਂ ਨੂੰ ਅਤਿਆਧੁਨਿਕ ਸਿੱਖਿਆ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਡਿਪਟੀ ਸਪੀਕਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੀਰਮਪੁਰ ਵਿਖੇ 51.97 ਲੱਖ ਰੁਪਏ ਦੀ ਲਾਗਤ ਵਾਲੇ ਅਤੇ ਸਰਕਾਰੀ ਹਾਈ ਸਕੂਲ ਬੀਰਮਪੁਰ ਵਿਖੇ 4.88 ਲੱਖ ਰੁਪਏ ਦੀ ਲਾਗਤ ਵਾਲੇ ਕੰਮਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਬੀਰਮਪੁਰ ਸਕੂਲ ਬੁਨਿਆਦੀ ਢਾਂਚੇ ਪੱਖੋਂ ਇਲਾਕੇ ਵਿਚ ਮਿਸਾਲ ਹੈ ਅਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ। ਸਰਕਾਰੀ ਐਲੀਮੈਂਟਰੀ ਸਕੂਲ ਹਾਜੀਪੁਰ ਵਿਖੇ 7.51 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮਾਂ ਦਾ ਉਦਘਾਟਨ ਕਰਦਿਆਂ ਡਿਪਟੀ ਸਪੀਕਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਕਿਸੇ ਸਹੂਲਤ ਦੀ ਘਾਟ ਨਹੀਂ ਰਹੇਗੀ। ਸਰਕਾਰੀ ਪ੍ਰਾਇਮਰੀ ਸਕੂਲ ਰਾਮਪੁਰ ਵਿਖੇ 17 ਲੱਖ ਰੁਪਏ ਦੀ ਲਾਗਤ ਵਾਲੇ ਕੰਮਾਂ ਦਾ ਉਦਘਾਟਨ ਕਰਦਿਆਂ ਡਿਪਟੀ ਸਪੀਕਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਰਕਾਰੀ ਸਕੂਲਾਂ ਵਿਚ ਮੁਫ਼ਤ ਸਹੂਲਤਾਂ ਅਤੇ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ ਜਿਸ ਦੇ ਮੱਦੇਨਜ਼ਰ ਲੋਕਾਂ ਨੂੰ ਵੱਧ ਤੋਂ ਵੱਧ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚ ਪੜ੍ਹਾਉਣੇ ਚਾਹੀਦੇ ਹਨ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਸਾਹਿਤਕ ਸਮਾਗਮ 13 ਅਪ੍ਰੈਲ ਨੂੰ

## ਬਾਬੂ ਸਿੰਘ ਰੈਹਲ ਦੀ ਸਵੈ ਜੀਵਨੀ 'ਵਹਿਣ ਦਰਿਆਵਾਂ ਦੇ' ਦਾ ਹੋਵੇਗਾ ਲੋਕ ਅਰਪਣ

ਪਟਿਆਲਾ, 8 ਅਪ੍ਰੈਲ, (ਅੰਗਰੇਜ ਸਿੰਘ ਵਿੱਕੀ)- ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 13 ਅਪ੍ਰੈਲ, 2025 ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ।ਇਹ ਸੂਚਨਾ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ.ਦਰਸ਼ਨ ਸਿੰਘ ਆਸ਼ਟ ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬੀ ਦੇ ਉਘੇ ਇਨਕਲਾਬੀ ਕਵੀ ਦਰਸ਼ਨ ਖਟਕੜ ਹੋਣਗੇ ਅਤੇ ਪ੍ਰਧਾਨਗੀ ਬਹੁਪੱਖੀ ਲੇਖਕ ਬੀ.ਐਸ.ਰਤਨ ਕਰਨਗੇ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਉਘੇ ਲੇਖਕ ਡਾ.ਅਮਰ ਕੋਮਲ,ਉਘੇ ਆਲੋਚਕ ਨਰਿੰਜਨ ਬੋਹਾ,ਸ੍ਰੀਮਤੀ ਬਲਵਿੰਦਰ ਕੌਰ (ਸੁਪਤਨੀ ਸ਼੍ਰੋਮਣੀ ਪੰਜਾਬੀ ਕਵੀ ਪ੍ਰੋ.ਕੁਲਵੰਤ ਸਿੰਘ ਗਰੇਵਾਲ) ਸ਼ਿਰਕਤ ਕਰਨਗੇ।ਇਸ ਸਮਾਗਮ ਵਿਚ ਉਘੇ ਪੰਜਾਬੀ ਲੇਖਕ ਬਾਬੂ ਸਿੰਘ ਰੈਹਲ ਦੀ ਸਵੈ ਜੀਵਨੀ 'ਵਹਿਣ ਦਰਿਆਵਾਂ ਦੇ' ਦਾ ਲੋਕ ਅਰਪਣ ਕੀਤਾ ਜਾਵੇਗਾ ਜਿਸ ਉਪਰ ਮੁਖ ਪੇਪਰ ਭਾਸ਼ਾ ਵਿਭਾਗ,ਪੰਜਾਬ ਵਿਚ ਕਾਰਜਸ਼ੀਲ ਡਾ.ਸੰਤੋਖ ਸਿੰਘ ਸੁੱਖੀ ਪੜ੍ਹਨਗੇ ਜਦੋਂ ਕਿ ਡਾ.ਸੁਰਜੀਤ ਸਿੰਘ ਖੁਰਮਾ,ਡਾ. ਹਰਜੀਤ ਸਿੰਘ ਸੱਧਰ ਅਤੇ ਡਾ. ਹਰਪ੍ਰੀਤ ਸਿੰਘ ਰਾਣਾ ਆਦਿ ਪੁਸਤਕ ਚਰਚਾ ਵਿਚ ਭਾਗ ਲੈਣਗੇ। ਇਸ ਸਮਾਗਮ ਵਿਚ ਪੁੱਜੇ ਲੇਖਕ ਵੀ ਵੰਨ ਸੁਵੰਨੀਆਂ ਰਚਨਾਵਾਂ ਸੁਣਾਉਣਗੇ ਅਤੇ ਚਰਚਾ ਵੀ ਹੋਵੇਗੀ।

# ਐੱਮ.ਜਗਦੀਸ਼ ਕੁਮਾਰ ਯੂਜੀਸੀ ਚੇਅਰਮੈਨ ਵਜੋਂ ਸੇਵਾਮੁਕਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਪ੍ਰੋਫੈਸਰ ਐੱਮ.ਜਗਦੀਸ਼ ਕੁਮਾਰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਚੇਅਰਮੈਨ ਦੇ ਅਹੁਦੇ ਤੋਂ ਸੇਵਾਮੁਕਤ ਹੋ ਗਏ ਹਨ। ਉਨ੍ਹਾਂ ਦਾ ਚੇਅਰਮੈਨ ਵਜੋਂ ਕਾਰਜਕਾਲ ਫਰਵਰੀ 2022 ਵਿਚ ਸ਼ੁਰੂ ਹੋਇਆ ਸੀ। ਯੂਜੀਸੀ ਨੇ ਇਕ ਅਧਿਕਾਰਤ ਬਿਆਨ ਵਿਚ ਪ੍ਰੋ. ਕੁਮਾਰ ਨੂੰ ਉਨ੍ਹਾਂ ਦੀ ਭਵਿੱਖੀ ਯੋਜਨਾਵਾਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਹਨ। ਆਪਣੇ ਕਾਰਜਕਾਲ ਦੌਰਾਨ ਕੁਮਾਰ ਨੇ ਵਿਦਿਆਰਥੀਆਂ 'ਤੇ ਕੇਂਦਰਤ ਕਈ ਸੁਧਾਰ ਲਿਆਂਦੇ ਜਿਨ੍ਹਾਂ ਭਾਰਤ ਵਿਚ ਉੱਚ ਸਿੱਖਿਆ ਦੇ ਦ੍ਰਿਸ਼ ਨੂੰ ਨਵੀਂ ਦਿਸ਼ਾ ਤੇ ਦਸ਼ਾ ਦਿੱਤੀ। ਯੂਜੀਸੀ ਦਾ ਚੇਅਰਮੈਨ ਬਣਨ ਤੋਂ ਪਹਿਲਾਂ ਕੁਮਾਰ ਨੇ 2016 ਤੋਂ 2022 ਦੇ ਅਰਸੇ ਦੌਰਾਨ ਜਵਾਹਰਲਾਲ ਨਹਿਰੂ ਯੂਨੀਵਰਸਿਟੀ (JNU) ਦੇ



12ਵੇਂ ਉਪ ਕੁਲਪਤੀ ਵਜੋਂ ਵੀ ਸੇਵਾਵਾਂ ਨਿਭਾਈਆਂ।

# ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੋਸਾਇਟੀ ਵੱਲੋਂ

## ਸ਼ਹੀਦਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਖਟਕੜ ਕਲਾਂ ਵਿਖੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਵਿੱਚ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ INTERNATIONAL PAPER, 94636 01616 hardipchumber57@gmail.com



ਬੰਗਾ (ਚਰਨਜੀਤ ਸੱਲ੍ਹਾ ) ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੋਸਾਇਟੀ ਬੰਗਾ ਵਲੋਂ ਸ਼ਹੀਦਾਂ ਦੀ ਚਰਨ ਛੋਹ ਪ੍ਰਾਪਤ ਪਾਵਨ ਭੂਮੀ ਖਟਕੜ ਕਲਾਂ ਵਿਖੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਵਿਚ ਇਕ ਭਾਵਪੂਰਨ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਭਤੀਜ ਨੂੰਹ ਸ੍ਰੀਮਤੀ ਤੇਜੀ ਸੰਧੂ ਜੀ ਨੇ ਕੀਤੀ। ਸ੍ਰੀ ਰਾਜਿੰਦਰ ਪਾਲ ਲਖਨਪਾਲ ਜੀ ਅਤੇ ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਜੀ ਮੁੱਖ ਮਹਿਮਾਨ ਦੇ ਤੌਰ ਸ਼ਾਮਿਲ ਹੋਏ। ਇੰਗਲੈਂਡ ਵਿਚ ਹੋਏ ਵਰਡ ਕੱਪ ਕੱਬਡੀ ਕੱਪ ਦੀ ਚੈਪੀਅਨ ਰਹੀ ਮਨੀਸ਼ਾ ਵਾਸੀ ਬੰਗਾ ਨੂੰ ਫੁਲਕਾਰੀ, ਮੈਡਲ, ਸਨਮਾਨ ਚਿੰਨ੍ਹ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਿੱਖ ਨੈਸ਼ਨਲ ਕਾਲਜ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੂੰ MSC ਵਿਚੋਂ ਯੂਨੀਵਰਸਿਟੀ ਚੋਂ ਮੈਰਿਟ ਵਿਚ ਛੇਵੇਂ ਸਥਾਨ ਤੇ ਆਉਣ ਕਰਕੇ ਸਨਮਾਨ ਚਿੰਨ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸੋਸਾਇਟੀ ਦੀ ਪ੍ਰਧਾਨ ਮਨਜੀਤ ਕੌਰ ਬੇਲਾ ਜੀ ਨੇ ਇਨ੍ਹਾਂ ਦੋਵੇਂ ਵਿਦਿਆਰਥਣਾ ਬਾਰੇ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਆਪਣੇ ਪਰਿਵਾਰ ਦੇ ਨਾਲ ਨਾਲ ਆਪਣੇ ਸ਼ਹਿਰ, ਸੂਬੇ ਅਤੇ ਦੇਸ਼ ਦਾ ਨਾਮ ਆਪਣੀ ਮਿਹਨਤ ਨਾਲ ਪੂਰੀ ਦੁਨੀਆਂ ਚ ਰੋਸ਼ਨ ਕਰਦੇ ਹਨ। ਸੋਸਾਇਟੀ ਵਲੋਂ ਪੰਜਾਬ ਦੇ ਉਸਤਾਦ ਸ਼ਾਇਰ ਕੁਲਵਿੰਦਰ ਕੁੱਲਾ ਜੀ ਨੂੰ ਉਨ੍ਹਾਂ ਦੀ ਲਿਖੀ ਪੁਸਤਕ ( ਰਣ ਤੋਂ ਤਾਜ ਤੱਕ) ਲਈ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾ ਰਾਹੀਂ ਤੋਂ ਪ੍ਰਧਾਨ ਮਲਕੀਤ ਸਿੰਘ ਜੀ ਨੂੰ ਅਤੇ ਬਲਦੀਪ ਸਿੰਘ ਰਾਹੋਂ ਅਤੇ ਸ੍ਰੀਮਤੀ ਹਰਬੰਸ ਕੌਰ ਨੂੰ ਸੋਸਾਇਟੀ ਦੇ ਕੰਮਾਂ ਵਿਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਾਰੇ ਬੁਲਾਰਿਆਂ ਅਤੇ ਕਵੀਆਂ ਨੇ ਸ਼ਹੀਦਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਸੰਕਲਪ ਦੁਹਰਾਇਆ ਅਤੇ ਅਜੋਕੇ ਸਮੇ ਵਿੱਚ ਸਮਾਜਵਾਦ ਦੀ ਜਗ੍ਹਾ ਸਾਮਵਾਦ ਦਾ ਬੋਲ ਬਾਲਾ ਹੋਣ ਤੇ ਚਿੰਤਾ ਪ੍ਰਗਟਾਈ। ਕਵੀ ਸਰਦਾਰ ਜਸਬੀਰ ਸਿੰਘ ਮੋਰੋਂ, ਸਰਬਜੀਤ ਸਿੰਘ ਮੰਗੂਵਾਲ, ਡਾ. ਹਰੀ ਕ੍ਰਿਸ਼ਨ, ਅਮਰਦੀਪ ਬੰਗਾ, ਦੀਪ ਕਲੇਰ, ਸ਼ਿੰਗਾਰਾ ਲੰਗੇਰੀ, ਕੁਲਵਿੰਦਰ ਕੁੱਲਾ,ਪ੍ਰਧਾਨ ਸਤੀਸ਼ ਕੁਮਾਰ, ਬੇਬੀ ਤਨੀਸ਼ਠਾ ਲਖਨਪਾਲ, ਮੈਡਮ ਗੁਰਮਿੰਦਰ ਕੌਰ, ਰਾਵੀ ਸਿੱਧੂ, ਅਤੇ ਪ੍ਰਧਾਨ ਮਨਜੀਤ ਕੌਰ ਬੇਲਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਦਰਸ਼ਕਾਂ ਨਾਲ ਸਾਂਝ ਪਾਈ। ਮੁੱਖ ਮਹਿਮਾਨ ਸ੍ਰੀ ਰਾਜਿੰਦਰ ਪਾਲ ਲਖਨਪਾਲ ਜੀ ਨੇ ਸ਼ਹੀਦ ਏ ਆਜ਼ਮ ਭਗਤ ਸਿੰਘ ਜੀ ਨਾਲ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਗੂੜ੍ਹੀ ਸਾਂਝ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ ਜੀ ਨੇ ਪੜ੍ਹਾਈ ਦੀ ਮਹੱਤਤਾ ਅਤੇ ਸ਼ਹੀਦਾਂ ਦੀ ਕੁਰਬਾਨੀਆਂ ਬਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਸੁਰੇਸ਼ ਕੁਮਾਰ ਚੌਹਾਨ, ਰਣਬੀਰ ਸਿੰਘ ਰਾਣਾ, ਪ੍ਰਧਾਨ ਮਲਕੀਤ ਸਿੰਘ, ਪ੍ਰਧਾਨ ਸਤੀਸ਼ ਕੁਮਾਰ ਸੋਨੀ ਜੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਸੋਸਾਇਟੀ ਦੇ ਇਗਜ਼ੈਟਿਵ ਮੈਂਬਰ ਸ. ਸੁਰਿੰਦਰ ਸਿੰਘ ਖਾਲਸਾ ਨੌਰਾ,ਪ੍ਰਿੰਸੀਪਲ ਹਰਪ੍ਰੀਤ ਕੌਰ ਅਰੋੜਾ, ਅਮਰਦੀਪ ਬੰਗਾ, ਮਨਜੀਤ ਕੌਰ ਬੇਲਾ, ਕੁਲਬੀਰ ਸਿੰਘ ਪਾਬਲਾ, ਡਾ. ਹਰੀ ਕ੍ਰਿਸ਼ਨ, ਗੁਰਮਿੰਦਰ ਕੌਰ, ਸਰਬਜੀਤ ਸਿੰਘ ਮੰਗੂਵਾਲ, ਰਣਜੀਤ ਕੌਰ ਮਹਿਮੂਦਪੁਰ,ਰਿਚਾ ਅਰੋੜਾ, ਨੇਹਾ ਨੇ ਰਲ ਮਿਲ ਕੇ ਇਸ ਸਮਾਗਮ ਨੂੰ ਸਫਲਤਾ ਦੇ ਸਿਖਰ ਤੱਕ ਪਹੁੰਚਾਇਆ। ਸਟੇਜ ਸਕੱਤਰ ਦੀ ਭੂਮਿਕਾ ਅਮਰਦੀਪ ਬੰਗਾ ਨੇ ਬਾਖੂਬੀ ਸੁੱਚਜੇ ਢੰਗ ਨਾਲ ਨਿਭਾਈ। ਸਮਾਗਮ ਵਿਚ ਪ੍ਰਿੰਸੀਪਲ ਜਸਵਿੰਦਰ ਕੌਰ, ਮੈਡਮ ਕਿਰਨਦੀਪ ਕੌਰ, ਪ੍ਰਧਾਨ ਰਣਬੀਰ ਸਿੰਘ ਰੌਕੀ, ਮੰਜੂਟ ਸਿੰਘ ਮਰਵਾਹਾ, ਬਬਲੀ,ਸੁਰਿੰਦਰਪਾਲ ਸਿੰਘ, ਕੁਲਜਿੰਦਰ ਸਿੰਘ ਹੈਪੀ, ਨਿਰਮਲ ਸਿੰਘ ਬੀਕਾ, ਮਾਸਟਰ ਅਮ੍ਰਿਤਪਾਲ ਸਿੰਘ, ਸੀਤਲ ਰਾਮ ਬੰਗਾ, ਵਿਨਾਇਕ ਲਖਨਪਾਲ, ਝਲਮਣ ਸਿੰਘ ਸਿੱਧੂ ਤੋਂ ਇਲਾਵਾ ਪ੍ਰੈਸ ਰਿਪੋਟਰ ਸੁਰਿੰਦਰ ਕਰਮ, ਚਰਨਜੀਤ ਸੱਲ੍ਹ ਕਲਾਂ, ਨਵਕਾਂਤ ਭਰੋਮਜਾਰਾ ਅਤੇ ਹੋਰ ਬਹੁਤ ਸਾਰੀਆਂ ਸਤਿਕਾਰਤ ਸ਼ਖਸ਼ੀਅਤਾਂ ਇਸ ਸਮਾਗਮ ਵਿਚ ਉਚੇਚੇ ਤੌਰ ਤੇ ਹਾਜ਼ਿਰ ਸਨ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ INTERNATIONAL PAPER, 94636 01616 hardipchumber57@gmail.com

ਬੰਗਾ 07 ਅਪ੍ਰੈਲ (ਚਰਨਜੀਤ ਸੱਲ੍ਹਾ) ਪੰਜਾਬ ਦੇ ਪ੍ਰਸਿੱਧ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਨਰਸਿੰਗ ਫਾਊਂਡੇਸ਼ਨ ਵਿਭਾਗ ਵੱਲੋਂ ਅੱਜ ਵਿਸ਼ਵ ਸਿਹਤ ਦਿਵਸ (ਵਰਲਡ ਹੈਲਥ ਡੇਅ) ਮਨਾਇਆ ਗਿਆ। ਇਸ ਮੌਕੇ ਹੋਏ ਸਮਾਗਮ ਵਿਚ ਮੁੱਖ ਮਹਿਮਾਨ ਡਾ. ਰਾਕੇਸ਼ ਗੌਰੀਆ ਰਜਿਸਟਰਾਰ ਬਾਬਾ ਫਰੀਦ ਮੈਡੀਕਲ ਸਾਇੰਸਿਸ ਯੂਨੀਵਰਸਿਟੀ ਸਨ । ਉਹਨਾਂ ਨੇ ਸਮਾਗਮ ਦੇ ਉਦਘਾਟਨ ਉਪਰੰਤ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਦੱਸਿਆ ਕਿ ਵਿਸ਼ਵ ਸਿਹਤ ਦਿਵਸ ਹਰ ਸਾਲ 07 ਅਪ੍ਰੈਲ ਨੂੰ ਪੂਰੀ ਦੁਨੀਆ ਵਿਚ ਮਨਾਇਆ ਜਾਂਦਾ ਹੈ ਅਤੇ ਸਾਲ 2025 ਵਿਚ ਇਸ ਦਾ ਮੁੱਖ ਵਿਸ਼ਾ 'ਸਿਹਤਮੰਦ ਸ਼ੁਰੂਆਤ, ਆਸ਼ਾਵਾਦੀ ਭਵਿੱਖ' ਹੈ । ਇਸ ਵਾਰ ਜੋ ਮੁੱਖ ਤੌਰ 'ਤੇ ਮਾਵਾਂ ਅਤੇ ਨਵਜੰਮੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ 'ਤੇ ਕੇਂਦ੍ਰਿਤ ਹੈ ਤਾਂ ਜੋ ਔਰਤਾਂ ਦੀ ਗਰਭ ਅਵਸਥਾ, ਜਣੇਪੇ ਅਤੇ ਬੱਚੇ ਦੀ ਜਨਮ ਤੋਂ ਪਹਿਲਾਂ ਅਤੇ ਬਾਅਦ ਵਿਚ ਸਹੀ ਦੇਖਭਾਲ ਹੋ ਸਕੇ, ਇਸ ਨਾਲ ਮਾਵਾਂ ਅਤੇ ਨਵਜੰਮੇ ਬੱਚਿਆਂ ਦੀਆਂ ਮੌਤਾਂ ਦੀ ਗਿਣਤੀ ਨੂੰ



ਫੋਟੋ ਕੈਪਸ਼ਨ : ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਵਿਖੇ ਹੋਏ ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਸਮਾਗਮ ਦੀਆਂ ਝਲਕੀਆਂ

ਘਟਾਇਆ ਜਾ ਸਕੇ । ਸਮਾਗਮ ਵਿੱਚ ਨਰਸਿੰਗ ਕਾਲਜ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਵਿਸ਼ਵ ਸਿਹਤ ਦਿਵਸ ਮਨਾਉਣ ਨਾਲ ਦੁਨੀਆ ਭਰ ਦੇ ਲੋਕਾਂ ਨੂੰ ਮੈਡੀਕਲ ਸਿਹਤ ਸਹੂਲਤਾਂ ਸਬੰਧੀ ਜਾਗਰੁਕ ਕਰਨਾ ਬਹੁਤ ਅਹਿਮ ਕਾਰਜ ਹੁੰਦਾ ਹੈ । ਸਾਲ 2025 ਦੇ ਮੁੱਖ ਥੀਮ ਨਾਲ ਜੱਚਾ-ਬੱਚਾ ਪ੍ਰਤੀ ਆਮ ਲੋਕਾਈ ਨੂੰ ਜਾਗਰੁਕ ਕਰਨ ਸਮੇਂ ਦੀ ਪ੍ਰਮੁੱਖ ਲੋੜ ਹੈ। ਇਸ ਦੇ ਨਾਲ-ਨਾਲ ਮੌਜੂਦਾ ਸਮੇਂ ਦਿਨੋ ਖਾਣ-ਪੀਣ ਦੀਆਂ ਪੈ ਰਹੀਆਂ ਗਲਤ ਆਦਤਾਂ ਦੇ ਕਾਰਨ ਲੋਕ ਛੋਟੀ ਉਮਰ ਵਿੱਚ ਹੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਅਜਿਹੀ ਸਥਿਤੀ ਵਿੱਚ, ਇਸ ਦਿਨ 'ਤੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੁਕ ਕਰਨਾ ਸ਼ਲਾਘਾਯੋਗ ਕਾਰਜ ਹੈ। ਇਸ ਮੌਕੇ ਡਾ. ਰਾਮ ਅਨੰਦ ਸਵਿਟਜ਼ਰਲੈਂਡ ਨੇ ਵੀ ਆਪਣੇ ਵਿਚਾਰ ਨਰਸਿੰਗ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇਸ ਮੌਕੇ ਰਮਨਦੀਪ ਕੌਰ ਕੰਗ ਵਾਈਸ ਪ੍ਰਿੰਸੀਪਲ ਨੇ ਵਿਸ਼ਵ ਸਿਹਤ ਦਿਵਸ ਦੀ ਮਹਾਨਤਾ ਅਤੇ ਸਾਲ 2025 ਦੇ ਥੀਮ "ਸਿਹਤਮੰਦ ਸ਼ੁਰੂਆਤ, ਆਸ਼ਾਵਾਦੀ ਭਵਿੱਖ" ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਸਮਾਗਮ ਵਿਚ ਵਿਸ਼ਵ ਸਿਹਤ ਦਿਵਸ ਨੂੰ ਸਮਰਪਿਤ ਪੋਸਟਰ ਪ੍ਰਦਰਸ਼ਨੀ ਵੀ ਵਿਦਿਆਰਥੀਆਂ ਵੱਲੋਂ ਲਗਾਈ ਗਈ । ਸਮਾਗਮ ਵਿਚ ਜੀ.ਐਨ.ਐਮ. ਪਹਿਲਾ ਸਾਲ, ਬੀ.ਐਸ.ਸੀ. ਪਹਿਲਾ ਅਤੇ ਜੀ.ਐਨ. ਐਮ. ਤੀਜਾ ਸਾਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਸਕਿਟ ਨੇ ਸਮੂਹ ਸਰੋਤਿਆ ਦਾ ਮਨ ਮੋਹ ਲਿਆ । ਵਿਸ਼ਵ ਸਿਹਤ ਦਿਵਸ (ਵਰਲਡ ਹੈਲਥ ਡੇਅ) ਨੂੰ ਸਮਰਪਿਤ ਸਮਾਗਮ ਵਿਚ ਜਗਜੀਤ ਸਿੰਘ ਸੋਢੀ ਮੀਤ ਸਕੱਤਰ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਰਾਜਦੀਪ ਥਿਥਵਾੜ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ, ਮੈਡਮ ਸੁਖਮਿੰਦਰ ਕੌਰ ਉੱਬੀ, ਮੈਡਮ ਵੰਦਨਾ ਬਸਰਾ, ਮੈਡਮ ਰੀਤੂ, ਮੁਹੰਮਦ ਯੂਨਸ ਵਾਨੀ, ਮੈਡਮ ਮਨਪ੍ਰੀਤ ਕੌਰ, ਮੈਡਮ ਸ਼ਿਵਾਨੀ ਭਾਰਦਵਾਜ, ਮੈਡਮ ਰਾਬੀਆ ਹਾਟਾ, ਮੈਡਮ ਰੁਪਿੰਦਰ ਸ਼ਰਮਾ, ਮੈਡਮ ਕਿਰਨ ਬੇਦੀ, ਗੁਰਮੀਤ ਸਿੰਘ ਤੋਂ ਇਲਾਵਾ ਟਰੱਸਟ ਅਧੀਨ ਚੱਲਦੇ ਅਦਾਰਿਆਂ ਦੇ ਮੁੱਖੀ, ਨਰਸਿੰਗ ਅਧਿਆਪਕਾਂ ਅਤੇ ਨਰਸਿੰਗ ਵਿਦਿਆਰਥੀ ਵੀ ਹਾਜ਼ਰ ਸਨ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮਨਰੀਤ ਕੌਰ ਢਿੱਲੋਂ ਜੀ ਐਨ ਐਮ ਪਹਿਲਾ ਸਾਲ ਅਤੇ ਜੈਸਮੀਨ ਕੌਰ ਬੀ ਐਸ ਸੀ ਪਹਿਲਾ ਸਾਲ ਨੇ ਬਾਖੂਬੀ ਨਿਭਾਈ ।

# ਸਾਬਕਾ ਮੰਤਰੀ ਮੋਨਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ INTERNATIONAL PAPER, 94636 01616 hardipchumber57@gmail.com



ਫਗਵਾੜਾ (ਸ਼ਿਵ ਕੌੜਾ) ਜਲੰਧਰ ਵਿੱਚ ਸੋਮਵਾਰ ਦੇਰ ਰਾਤ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਮਨੋਰੰਜਨ ਕਾਲੀਆ ਦੇ ਘਰ 'ਤੇ ਅੱਤਵਾਦੀ ਹਮਲਾ ਹੋਇਆ। ਇਹ ਘਟਨਾ ਸੋਮਵਾਰ ਦੇਰ ਰਾਤ ਨੂੰ ਵਾਪਰੀ। ਘਟਨਾ ਦੇ ਸਮੇਂ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਆਪਣੇ ਘਰ ਦੇ ਅੰਦਰ ਸੁੱਤੇ ਪਏ ਸਨ। ਉਸਦੇ ਹੋਰ ਪਰਿਵਾਰਕ ਮੈਂਬਰ ਵੀ ਘਰ ਦੇ ਅੰਦਰ ਸਨ। ਸਾਬਕਾ ਮੰਤਰੀ ਦੇ ਘਰ ਦੇ ਵਿਹੜੇ ਵਿੱਚ ਹੋਏ ਧਮਾਕੇ ਨਾਲ ਬਹੁਤ ਤਬਾਹੀ ਹੋਈ। ਸੀਸੀਟੀਵੀ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਦੇਸ਼ੀ ਈ-ਰਿਕਸ਼ਾ ਤੋਂ ਹੇਠਾਂ ਉਤਰਿਆ, ਹੈਂਡ ਗ੍ਰਨੇਡ ਦਾ ਲੀਵਰ ਕੱਢਿਆ ਅਤੇ ਇਸਨੂੰ ਸਾਬਕਾ ਮੰਤਰੀ ਦੇ ਘਰ ਦੇ ਅੰਦਰ ਸੁੱਟ ਦਿੱਤਾ। ਜਿਸ ਤੋਂ ਬਾਅਦ ਇੱਕ ਜ਼ੋਰਦਾਰ ਧਮਾਕਾ ਹੋਇਆ। ਪੰਜਾਬ ਸਰਕਾਰ ਨੇ ਉਸਨੂੰ 4 ਗੰਨਮੈਨ ਅਲਾਟ ਕੀਤੇ ਹਨ। ਕਾਲੀਆ ਦਾ ਸੁਰੱਖਿਆ ਇੰਚਾਰਜ ਨਿਸ਼ਾਨ ਸਿੰਘ ਹੈ। ਰਾਤ ਨੂੰ ਸੁਰੱਖਿਆ ਉਸਦੇ ਬੰਗਲੇ ਵਿੱਚ ਰਹਿੰਦੀ ਹੈ। ਸੀਸੀਟੀਵੀ ਦੇ ਅਨੁਸਾਰ, ਇਹ ਘਟਨਾ ਰਾਤ 1 ਵਜੇ ਤੋਂ ਬਾਅਦ ਵਾਪਰੀ। ਕਾਲੀਆ ਦੀ ਕੋਠੀ ਸ਼ਹਿਰ ਦੇ ਵਿਚਕਾਰ ਹੈ ਅਤੇ ਪੁਲਿਸ ਥਾਣਾ ਇੱਕ ਮਿੰਟ ਦੀ ਦੂਰੀ 'ਤੇ ਹੈ। ਸਾਹਮਣੇ ਨਗਰ ਨਿਗਮ ਦਾ ਦਫ਼ਤਰ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਸੀਨੀਅਰ ਅਧਿਕਾਰੀਆਂ ਨਾਲ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਫੋਰੈਂਸਿਕ ਟੀਮਾਂ ਨੂੰ ਬੁਲਾਇਆ ਗਿਆ ਹੈ। ਸਾਬਕਾ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਮੈਨੂੰ ਲੱਗਿਆ ਕਿ ਸਿਰਫ਼ ਜਨਰਲ ਟ੍ਰਾਂਸਫਾਰਮਰ ਹੀ ਫਟਿਆ ਹੈ। ਮੈਨੂੰ ਅਜਿਹੀ ਕਿਸੇ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ। ਅਚਾਨਕ ਜਦੋਂ ਮੈਂ ਸੌਂ ਰਿਹਾ ਸੀ ਤਾਂ ਮੈਨੂੰ ਇੱਕ ਝਟਕਾ ਲੱਗਾ ਅਤੇ ਮੇਰੇ ਮਨ ਵਿੱਚ ਆਇਆ ਕਿ ਕਿਤੇ ਕੁਝ ਗਰਜ ਰਿਹਾ ਹੈ। ਮੈਂ ਵਾਪਸ ਸੌਂ ਗਿਆ ਪਰ ਜਦੋਂ ਨਾਲ ਲੱਗਦੇ ਖਾਣੇ ਵਾਲੇ ਲੋਕ ਆਏ ਤਾਂ ਉਨ੍ਹਾਂ ਨੇ ਘਰ ਦੇ ਅੰਦਰੋਂ ਧੂੰਆਂ ਨਿਕਲਦਾ ਦੇਖਿਆ ਜਿਸ ਤੋਂ ਬਾਅਦ ਬਹੁਤ ਰੌਲਾ ਪਿਆ ਅਤੇ ਸੁਰੱਖਿਆ ਕਰਮਚਾਰੀਆਂ ਨੇ ਦੇਖਿਆ ਕਿ ਸ਼ੀਸ਼ਾ ਅਤੇ ਹੋਰ ਚੀਜ਼ਾਂ ਟੁੱਟੀਆਂ ਪਈਆਂ ਸਨ। ਘਟਨਾ ਦੇ ਸਮੇਂ, ਕਾਲੀਆ, ਉਸਦੀ ਭੈਣ ਅਤੇ ਉਸਦੀ ਭੈਣ ਦੇ ਬੱਚੇ ਘਰ ਦੇ ਅੰਦਰ ਮੌਜੂਦ ਸਨ। ਘਰ ਦੇ ਅੰਦਰ ਸੁਰੱਖਿਆ ਕਰਮਚਾਰੀ ਵੀ ਮੌਜੂਦ ਸਨ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦਾ ਕਹਿਣਾ ਹੈ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ। ਫਿਲਹਾਲ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮ ਦੇ ਰਸਤੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਜਿੱਥੇ ਵੀ ਸੁਰੱਖਿਆ ਵਧਾਉਣ ਦੀ ਲੋੜ ਸੀ, ਉੱਥੇ ਸੁਰੱਖਿਆ ਵਧਾ ਦਿੱਤੀ ਗਈ ਹੈ। ਫਿਲਹਾਲ, ਫੋਰੈਂਸਿਕ ਟੀਮਾਂ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਇਹ ਗ੍ਰਨੇਡ ਹੈ ਜਾਂ ਕੁਝ ਹੋਰ। ਅਸੀਂ ਕਈ ਥਾਵਾਂ ਤੋਂ ਸੀਸੀਟੀਵੀ ਫੁਟੇਜ ਜ਼ਬਤ ਕੀਤੇ ਹਨ। ਡੀਸੀਪੀ ਮਨਪ੍ਰੀਤ ਢਿੱਲੋਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਐਲਪੀਯੂ ਦੇ ਵਿਦਿਆਰਥੀ, ਸਾਬਕਾ ਵਿਦਿਆਰਥੀ ਸੰਸਦ ਗਏ, ਚੋਟੀ ਦੇ ਆਗੂਆਂ ਨੂੰ ਮਿਲੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ INTERNATIONAL PAPER, 94636 01616 hardipchumber57@gmail.com



ਫਗਵਾੜਾ (ਸ਼ਿਵ ਕੌੜਾ) ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਸੰਸਦ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਕਈ ਰਾਜਨੀਤਿਕ ਹਸਤੀਆਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਿਨ੍ਹਾਂ ਨਾਲ ਉਨ੍ਹਾਂ ਮੁਲਾਕਾਤ ਕੀਤੀ ਉਨ੍ਹਾਂ ਵਿੱਚ ਜਗਦੀਪ ਧਨਖੜ, ਉਪ-ਪ੍ਰਧਾਨ; ਮਲਿਕਾਰੁਜਨ ਖੜਗੇ ਪ੍ਰਧਾਨ ਕਾਂਗਰਸ; ਸੀਨੀਅਰ ਕਾਂਗਰਸ ਨੇਤਾ ਸੋਨੀਆ ਗਾਂਧੀ ਡੇਰੇਕ ਓ'ਬ੍ਰਾਇਨ, ਟੈਆਈਟੀਸੀ ਸੰਸਦ ਮੈਂਬਰ; ਰੇਣੂਕਾ ਚੌਧਰੀ ਸਾਬਕਾ ਕੇਂਦਰੀ ਮੰਤਰੀ; ਡਾ: ਸੰਦੀਪ ਕੁਮਾਰ ਪਾਠਕ, ਆਪ ਸੰਸਦ ਮੈਂਬਰ; ਅਤੇ ਐਮ ਅਨਿਲ ਕੁਮਾਰ ਯਾਦਵ, ਰਾਜ ਸਭਾ ਸੰਸਦ ਮੈਂਬਰ ਤੇਲੰਗਾਨਾ ਸ਼ਾਮਲ ਸਨ। ਆਗੂਆਂ ਨੇ ਦੇਸ਼ ਦੀ ਸੰਸਦ ਦੇ ਕੰਮਕਾਜ ਬਾਰੇ ਅਨਮੋਲ ਜਾਣਕਾਰੀ ਸਾਂਝੀ ਕੀਤੀ। ਇਸ ਦੌਰੇ ਦੀ ਸਹੂਲਤ ਐਲਪੀਯੂ ਦੇ ਚਾਂਸਲਰ ਡਾ: ਅਸ਼ੋਕ ਕੁਮਾਰ ਮਿੱਤਲ ਨੇ ਦਿੱਤੀ, ਜਿਨ੍ਹਾਂ ਨੇ ਵਿਦਿਆਰਥੀਆਂ ਲਈ ਅਜਿਹੇ ਤਜ਼ਰਬਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, "ਸਾਡੇ ਦੇਸ਼ ਦੇ ਨੌਜਵਾਨਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਲੋਕ ਸਭਾ ਅਤੇ ਰਾਜ ਸਭਾ ਦੇ ਕੰਮਕਾਜ ਨੂੰ ਖੁਦ ਅਨੁਭਵ ਕਰਨ, ਕਿਉਂਕਿ ਇਹ ਸੰਸਥਾਵਾਂ ਭਾਰਤ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਅਜਿਹੇ ਅਨੁਭਵ ਵਿਦਿਆਰਥੀਆਂ ਵਿੱਚ ਨਾਗਰਿਕ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ।" ਆਪਣੀ ਫੇਰੀ ਦੌਰਾਨ, ਵਿਦਿਆਰਥੀਆਂ ਨੂੰ ਰਾਜ ਸਭਾ ਦੇ ਸੈਸ਼ਨ ਨੂੰ ਲਾਈਵ ਦੇਖਣ ਦਾ, ਦੇਸ਼ ਦੇ ਫੈਸਲਿਆਂ ਨੂੰ ਪ੍ਰਭਾਵਤ ਕਰਨ ਵਾਲੀਆਂ ਵਿਧਾਨਕ ਪ੍ਰਕਿਰਿਆਵਾਂ ਬਾਰੇ ਸਮਝ ਪ੍ਰਾਪਤ ਕਰਨ ਦਾ ਦੁਰਲੱਭ ਮੌਕਾ ਵੀ ਮਿਲਿਆ। ਸੰਸਦ ਦੀ ਆਰਕੀਟੈਕਚਰਲ ਸ਼ਾਨ ਨੇ ਵਿਦਿਆਰਥੀਆਂ 'ਤੇ ਸਥਾਈ ਪ੍ਰਭਾਵ ਛੱਡਿਆ, ਜੋ ਭਾਰਤ ਦੀ ਅਮੀਰ ਵਿਭਿੰਨਤਾ ਅਤੇ ਤਾਕਤ ਦੇ ਪ੍ਰਤੀਕ ਤੋਂ ਹੈਰਾਨ ਸਨ। ਇਲੈਕਟ੍ਰਾਨਿਕਸ ਅਤੇ ਸੰਚਾਰ ਇੰਜੀਨੀਅਰਿੰਗ (ਈਸੀਈ) ਵਿੱਚ ਬੀ ਟੈਕ ਦੇ ਅੰਤਿਮ ਸਾਲ ਦੇ ਵਿਦਿਆਰਥੀ ਵਿਸ਼ਨੂੰ ਨੇ ਇਸ ਤਜਰਬੇ 'ਤੇ ਵਿਚਾਰ ਕੀਤਾ: "ਸੰਸਦ ਦਾ ਦੌਰਾ ਸੱਚਮੁੱਚ ਬਹੁਤ ਵੱਡਾ ਅਤੇ ਪਰਿਵਰਤਨਸ਼ੀਲ ਸੀ। ਸ਼ਕਤੀ ਦੇ ਗਲਿਆਰਿਆਂ ਵਿੱਚੋਂ ਲੰਘਣ ਨਾਲ ਸਾਨੂੰ ਦੇਸ਼ ਭਗਤੀ ਅਤੇ ਉਦੇਸ਼ ਦੀ ਡੂੰਘੀ ਭਾਵਨਾ ਨਾਲ ਭਰ ਦਿੱਤਾ ਗਿਆ। ਇਸਨੇ ਸਾਨੂੰ ਸਮਾਜ ਨਾਲ ਵਧੇਰੇ ਅਰਥਪੂਰਨ ਢੰਗ ਨਾਲ ਜੁੜਨ ਅਤੇ ਦੇਸ਼ ਦੀ ਤਰੱਕੀ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।"

# ਹਾੜ੍ਹੀ ਸ਼ੀਜਨ ਕਣਕ ਦੀ ਖਰੀਦ ਲਈ ਕੀਤੇ ਪੁਖਤਾ ਪ੍ਰਬੰਧ:- ਐੱਸ ਡੀ ਐਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਫ਼ਗਵਾੜਾ 8 ਅਪ੍ਰੈਲ (ਸ਼ਿਵ ਕੌੜਾ) ਹਾੜ੍ਹੀ ਸੀਜ਼ਨ-2025 ਕਣਕ ਦੀ ਖ੍ਰੀਦ ਸਬੰਧੀ ਫਗਵਾੜਾ ਦੇ ਉਪ ਮੰਡਲ ਮੈਜਿਸਟਰੇਟ ਜਸ਼ਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਨਾਇਬ ਤਹਿਸੀਲਦਾਰ,ਖੁਰਾਕ ਤੇ ਸਪਲਾਈ ਅਫਸਰ ਸਕੱਤਰ ਮਾਰਕਿਟ ਕਮੇਟੀ, ਵੱਖ-ਵੱਖ ਖ੍ਰੀਦ ਏਜੰਸੀਆਂ, ਪ੍ਰਧਾਨ ਆੜ੍ਹਤ ਐਸੋਸੀਏਸ਼ਨ, ਹਾਜ਼ਰ ਸਨ। ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਕਣਕ ਦੀ ਆਮਦ ਨੂੰ ਮੁੱਖ ਰੱਖਦੇ ਹੋਏ ਕਣਕ ਦੇ ਰੱਖ-ਰਖਾਵ ਅਤੇ ਮੰਡੀਆਂ ਵਿੱਚ ਹੋਰ ਲੋੜੀਂਦੇ ਇੰਤਜ਼ਾਮ ਕਰ ਲਏ ਗਏ ਹਨ ਤੇ ਭਰੋਸਾ ਦਿੱਤਾ ਹੈ ਕਿ ਕਣਕ ਦੀ ਖ੍ਰੀਦ ਨੂੰ ਲੈ ਕੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ

# *ਸਿੱਖਿਆ ਦਾ ਅਧਿਕਾਰ ਕਾਨੂੰਨ 2009 ਪੰਜਾਬ ਨੂੰ ਛੱਡ ਕੇ ਪੂਰੇ ਭਾਰਤ ਵਿੱਚ ਪਿਛਲੇ 15 ਸਾਲਾਂ ਤੋਂ ਲਾਗੂ ਹੈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



8ਅਪ੍ਰੈਲ 2025 ਸੰਗਰੂਰ ਬੇਅੰਤ ਸਿੰਘ ਰੋਹਟੀ ਖਾਸ / ਜੋਗਿੰਦਰ ਕੈਂਥ ਲਹਿਰੀ ) ਸ੍ਰੀ ਪੀਐਸ ਕਲਿਆਣ ਕੌਮੀ ਸੀਨੀਅਰ ਮੀਤ ਪ੍ਰਧਾਨ ਗੁਰੂ ਗਿਆਨ ਨਾਥ ਵਾਲਮੀਕੀ ਧਰਮ ਸਮਾਜ ਅਤੇ ਸੂਬਾ ਸਕੱਤਰ ਪੰਜਾਬ ਐਸਸੀ ਮੋਰਚਾ ਭਾਰਤੀ ਜਨਤਾ ਪਾਰਟੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ2009 ਪੰਜਾਬ ਨੂੰ ਛੱਡ ਕੇ ਪੂਰੇ ਭਾਰਤ ਵਿੱਚ ਪਿਛਲੇ 15 ਸਾਲਾਂ ਤੋਂ ਲਾਗੂ ਹੈ ਜਿਸ ਵਿੱਚ 25% ਗਰੀਬ ਬੱ ਚਿਆਂ ਲਈ ਚਾਹੇ ਉਹ ਕਿਸੇ ਵੀ ਵਰਗ ਨਾਲ ਸੰਬੰਧਿਤ ਹੋਣ ਪਹਿਲੀ ਕਲਾਸ ਤੋਂ ਅੱਠਵੀਂ ਕਲਾਸ ਤੱਕ ਪ੍ਰਾਈਵੇਟ ਸਕੂਲਾਂ ਵਿੱਚ ਵਿੱਦਿਆ ਫਰੀ ਹੈ। ਮਾਨਯੋਗ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਾਰੇ ਸਿੱਖਿਆ ਅਫਸਰ ਅਤੇ ਸਕੂਲ ਮੁਖੀਆਂ ਨੂੰ ਹੁਕਮ ਕਰ ਦਿੱਤੇ ਹਨ। ਪਰ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਵੱਲੋਂ ਗਰੀਬ ਬੱਚਿਆਂ ਦਾ ਦਾਖਲਾ ਕਰਨ ਲਈ ਇਨਕਾਰ ਕੀਤਾ ਜਾ ਰਿਹਾ ਹੈ। ਇਸ ਦੇ ਵਿਰੋਧ ਵਿੱਚ ਮਿਤੀ 9 ਅਪ੍ਰੈਲ 2025 ਦਿਨ ਬੁੱਧਵਾਰ ਨੂੰ ਸਵੇਰੇ 9:30 ਵਜੇ ਕੱਕੜਵਾਲ ਚੌਂਕ ਧੂਰੀ ਵਿਖੇ ਧਰਨਾ ਲਗਾਇਆ ਜਾਵੇਗਾ । ਸਾਰੇ ਵਰਗਾਂ ਦੀਆਂ ਜਥੇਬੰਦੀਆਂ ਅਤੇ ਮਾਪਿਆਂ ਨੂੰ ਬੇਨਤੀ ਹੈ ਕਿ ਇਸ ਧਰਨੇ ਵਿੱਚ ਵੱਧ ਤੋਂ ਵੱਧ ਪਹੁੰਚਣ ਤਾਂ ਕਿ ਪ੍ਰਾਈਵੇਟ ਸਕੂਲਾਂ ਦੀਆਂ ਮਨਮਾਨੀਆਂ ਰੁਕ ਸਕਨ। ਆਪਣੇ ਬੱਚਿਆਂ ਦੇ ਹੱਕਾਂ ਲਈ ਇਸ ਧਰਨੇ ਦਾ ਹਿੱਸਾ ਬਣੋ ਜੀ।*

# ਪਟਿਆਲਾ ਦੀ ਧੀ ਨੇ ਘੋੜਸਵਾਰੀ ਵਿੱਚ ਪੰਜਾਬ ਅਤੇ ਪਟਿਆਲਾ ਦਾ ਨਾਮ ਰੌਸ਼ਨ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਬੇਅੰਤ ਸਿੰਘ ਰੋਹਟੀ ਖਾਸ/ਬੰਗਾ ਨਾਭਾ 8 ਅਪ੍ਰੈਲ 2025) ਪਟਿਆਲਾ ਦੇ ਵਾਈਪੀਐਸ ਸਕੂਲ ਦੀ ਪੰਜਵੀਂ ਜਮਾਤ ਵਿੱਚ ਪੜ੍ਹਦੀ 10 ਸਾਲਾ ਲੜਕੀ ਰੁਬਾਇਤ ਕੌਰ ਨੇ ਦਿੱਲੀ ਵਿੱਚ ਹੋਏ ਭਾਰਤ ਦੇ ਸਭ ਤੋਂ ਵੱਡੇ ਘੋੜਸਵਾਰੀ ਸ਼ੋਅ ਵਿੱਚ ਹਿੱਸਾ ਲਿਆ ਅਤੇ ਘੋੜਸਵਾਰੀ ਦੇ ਅਜਿਹੇ ਹੁਨਰ ਦਾ ਪ੍ਰਦਰਸ਼ਨ ਕੀਤਾ ਕਿ ਉਸਨੇ ਉੱਥੇ ਮੌਜੂਦ ਸਾਰੇ ਪਤਵੰਤਿਆਂ ਅਤੇ ਜੱਜਾਂ ਨੂੰ ਹੈਰਾਨ ਕਰ ਦਿੱਤਾ। ਇਸ ਸ਼ੋਅ ਵਿੱਚ, ਰੁਬਾਇਤ ਨੇ ਆਪਣੇ ਘੋੜਸਵਾਰੀ ਦੇ ਹੁਨਰ ਦਾ ਪ੍ਰਦਰਸ਼ਨ ਕਰਕੇ ਕਾਂਸੀ ਦਾ ਤਗਮਾ ਜਿੱਤਿਆ। ਰੁਬਾਇਤ ਇਸ ਮੁਕਾਬਲੇ ਵਿੱਚ ਸਭ ਤੋਂ ਛੋਟੀ ਉਮਰ ਦੀ ਘੋੜਸਵਾਰ ਸੀ, ਜਿਸ ਕਾਰਨ ਉਸਨੇ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਰੁਬਾਈਅਤ ਦੀ ਤਸਵੀਰ ਜਿਸ ਵਿੱਚ ਉਹ ਆਪਣਾ ਕਾਂਸੀ ਦਾ ਤਗਮਾ ਦਿਖਾ ਰਿਹਾ ਹੈ। ਦੂਜੀ ਤਸਵੀਰ ਵਿੱਚ ਰੁਬਾਈਤ ਘੋੜੇ ‘ਤੇ ਸਵਾਰ ਹੈ।

# 134ਵਾਂ ਜਨਮ ਦਿਵਸ ਮਨਾਉਣ ਸਬੰਧੀ ਸੰਸਥਾ ਜਬਰ ਜ਼ੁਲਮ ਵਿਰੋਧੀ ਫਰੰਟ ਦੇ ਆਗੂ ਅਤੇ ਵਰਕਰਾਂ ਨਾਲ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



14 ਅਪ੍ਰੈਲ 2025 ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਅਮਲੋਹ ਬਲਾਕ ਵਿਖੇ 134ਵਾਂ ਜਨਮ ਦਿਵਸ ਮਨਾਉਣ ਸਬੰਧੀ ਸੰਸਥਾ ਜਬਰ ਜ਼ੁਲਮ ਵਿਰੋਧੀ ਫਰੰਟ ਦੇ ਆਗੂ ਅਤੇ ਵਰਕਰਾਂ ਨਾਲ ਮੀਟਿੰਗ ਕਰਦੇ ਹੋਏ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ ਮੀਤ ਪ੍ਰਧਾਨ ਪਾਲ ਸਿੰਘ ਭੱਦਲ ਸੂਹਾ ਖਜਾਨਚੀ ਗੁਰਜੀਤ ਸਿੰਘ ਅਤੇ ਹੋਰ ਆਗੂ

# ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਇਸ ਤਰ੍ਹਾਂ ਦੇ ਨਾਟਕਾਂ ਦੀ ਅਹਿਮ ਰੋਲ ਅਦਾ ਕਰਦੇ ਹਨ- ਅਵਤਾਰ ਸਿੰਘ ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com





ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਇਸ ਤਰ੍ਹਾਂ ਦੇ ਨਾਟਕਾਂ ਦੀ ਅਹਿਮ ਰੋਲ ਅਦਾ ਕਰਦੇ ਹਨ --ਅਵਤਾਰ ਸਿੰਘ ਕਰੀਮਪੁਰੀ ਫਗਵਾੜਾ( ਚਰਨਜੀਤ ਸੱਲ੍ਹਾ (ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਜੀ ਨੇ ਫੀਤਾ ਕੱਟ ਕੇ ਕੀਤਾ। ਇਸ ਉਪਰੰਤ ਸ਼ਮਾ ਰੌਸ਼ਨ ਸ੍ਰੀ ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ ਫਗਵਾੜਾ ਬਸਪਾ ਪੰਜਾਬ ਦੇ ਸੁਬਾਈ ਆਗੂ ,ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਅਮਨਦੀਪ ਕੌਰ ਐਮ. ਸੀ. ਸ਼ਾਮ ਨਗਰ, ਚਿਰੰਜੀ ਲਾਲ ਐਮ. ਸੀ. ਚਾਚੋਕੀ, ਇਨ੍ਹਾਂ ਇਹਨਾਂ ਸਾਰੇ ਨਾਟਕਾਂ ਦੀ ਨਿਰਦੇਸ਼ਨਾ ਰਣਜੀਤ ਬਾਂਸਲ ਨੇ ਕੀਤੀ। ਪ੍ਰਿੰਸੀਪਲ ਸੁਰਿੰਦਰ ਪਾਲ ਜੀ ਵੱਲੋਂ ਮੁੱਖ ਮਹਿਮਾਨ ਸ੍ਰੀ ਅਵਤਾਰ ਸਿੰਘ ਕਰੀਮਪੁਰੀ ਅਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਨਾਟਕ ਨੂੰ ਕਰਵਾਉਣ ਲਈ ਮੱਖਣ ਲੁਹਾਰ ਅਤੇ ਅਮਰਜੀਤ ਬੰਗੜ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਇਸ ਮੌਕੇ ਤੇ ਹਰਭਜਨ ਸਿੰਘ ਬਲਾਲੋ ਇੰਚਾਰਜ ਫਗਵਾੜਾ, ਲਾਲ ਚੰਦ ਔਜਲਾ , ਲੇਖ ਰਾਜ ਜਮਾਲਪੁਰ ਸਤ ਪਾਲ ਬਿਰਕਾਂ ਜਸਵਿੰਦਰ ਕੋਰ , ਤੇ ਇਲਾਵਾ ਇਲਾਕੇ ਦੇ ਪਤਵੰਤੇ ਹਾਜਰ ਹੋਏ ਇਹਨਾਂ ਨਾਟਕਾਂ ਵਿੱਚ ਕੰਮ ਕਰਨ ਵਾਲੇ ਕਲਾਕਾਰਾਂ ਵਿੱਚ ਬੀਬਾ ਕੁਲਵੰਤ, ਰਣਜੀਤ, ਕੁਲਵਿੰਦਰ ਕੌਰ, ਅਜੇ ਕੁਮਾਰ, ਬਬੀਤ ਧੁਲੇਤਾ, ਡਾ. ਇੰਦਰਜੀਤ ਪਾਲ, ਅਵਤਾਰ ਚੰਦ, ਮਾਂvਟਸਰ ਸੁਰਿੰਦਰ, ਨੈਂਸੀ ਅਰੋੜਾ, ਨਬੀਤਾ ਚੰਬਾ, ਸੁਨੀਤਾ ਬੰਗਾ, ਪਰਮਿੰਦਰ ਸਿੰਘ, ਸਵਿਤਾ. ਸ਼ਾਮੂ, ਕਰਿਸ਼ਕ, ਸਤਨਾਮ ਸ਼ਾਮਿਲ ਸਨ।

# ‘ਕੌਰ’ ਗੀਤ ਲੈ ਕੇ ਹਾਜਰ...ਢਾਡੀ ਜੱਥਾ ਬੀਬੀ ਸੁਮਨਦੀਪ ਕੌਰ ਖਾਲਸਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com




8ਅਪ੍ਰੈਲ 2025 (ਬੇਅੰਤ ਸਿੰਘ ਰੋਹਟੀ ਖਾਸ) ਖਾਲਸੇ ਦੀ ਸਿਰਜਣਾ (ਵਿਸਾਖੀ) ਦਾ ਪਾਵਨ ਦਿਹਾੜਾ ਨਜ਼ਦੀਕ ਆ ਰਿਹਾ ਹੈ । ਇਸ ਮਹਾਨ ਦਿਹਾੜੇ ਨੂੰ ਲੈ ਕੇ ਬਹੁਤ ਸਾਰੇ ਗੀਤ ਰਿਲੀਜ ਹੋ ਰਹੇ ਹਨ । ਹਰ ਰਾਗੀ, ਢਾਡੀ, ਕਵੀਸ਼ਰ ਅਤੇ ਗਾਇਕ ਦੀ ਕੋਸ਼ਿਸ਼ ਹੈ ਕਿ ਇਸ ਪਾਵਨ ਦਿਹਾੜੇ ਤੇ ਕੋਈ ਗੀਤ ਰਿਲੀਜ ਕਰੀਏ । ਇਹਨਾਂ ਰਿਲੀਜ ਹੋ ਰਹੇ ਗੀਤਾਂ ਦੀ ਲੜੀ ਵਿੱਚ ਅੱਜ ਹੀ ਇੱਕ ਬਹੁਤ ਹੀ ਪਿਆਰਾ ਤੇ ਅਣਖ ਭਰਿਆ ਗੀਤ ਰਿਲੀਜ ਹੋਇਆ ਹੈ ‘ਕੌਰ’ । ਇਹ ਗੀਤ ਬੀਬੀ ਸੁਮਨਦੀਪ ਕੌਰ ਖਾਲਸਾ ਕੁੱਪ ਰੋਹੀੜੇ ਵਾਲਿਆਂ ਦੇ ਢਾਡੀ ਜੱਥੇ ਵੱਲੋਂ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਉਹਨਾਂ ਦਾ ਸਾਥ ਦਿੱਤਾ ਹੈ ਬੀਬੀ ਸਿਮਰਨਜੀਤ ਕੌਰ ਖਾਲਸਾ, ਸਰੰਗੀ ਵਾਦਕ... ਭਾਈ ਹਰਵਿੰਦਰ ਸਿੰਘ ਖਾਲਸਾ ਸਰਵਰਪੁਰ ਜੀ ਨੇ । ਇਸ ਗੀਤ ਨੂੰ ਲਿਖਿਆ ਹੈ ਪੰਥ ਦੇ ਮਹਾਨ ਲੇਖਕ... ਗੁਰਜੰਟ ਸਿੰਘ ਪਟਿਆਲਾ ਜੀ ਨੇ । ਇਸ ਗੀਤ ਦਾ ਸੰਗੀਤ ‘ਪਤਰਸ ਚੀਮਾ’ ਜੀ ਨੇ ਤਿਆਰ ਕੀਤਾ ਹੈ । ਇਸ ਗੀਤ ਦਾ ਵੀਡੀਓ ‘ਖੁਸ਼ਹਾਲ ਬੈਂਸ’ ਜੀ ਨੇ ਤਿਆਰ ਕੀਤਾ ਹੈ ਅਤੇ ਇਹ ਗੀਤ ਯੂ ਟਿਊਬ ਚੈਨਲ ‘ਜਿੰਦ ਮਾਹੀ ਰਿਕਾਰਡਜ’ ਤੇ ਰਿਲੀਜ ਕੀਤਾ ਗਿਆ ਹੈ । ਬੀਬੀ ਸੁਮਨਦੀਪ ਕੌਰ ਖਾਲਸਾ ਜੀ ਨੇ ਦੱਸਿਆ ਕਿ ਇਹ ਗੀਤ ਖਾਲਸਾ ਪੰਥ ਦੀ ਸਾਜਨਾ ਨੂੰ ਸਮਰਪਿਤ ਹੈ । ਉਹਨਾਂ ਨੇ ਇਹ ਵੀ ਦੱਸਿਆ ਕਿ ਗੀਤਾਂ ਵਿੱਚ ਲੜਕੀ ਦੇ ਕਿਰਦਾਰ ਨੂੰ ਸਿਰਫ ਬਿਜਲੀ, ਬੰਬ, ਅੱਗ, ਪੁਰਜਾ, ਮਸ਼ੂਕ, ਚੀਜੀ ਅਤੇ ਹੋਰ ਪਤਾ ਨਹੀਂ ਕੀ ਕੀ ਅਪਸ਼ਬਦਾਂ ਨਾਲ ਪੇਸ਼ ਕੀਤਾ ਜਾਂਦਾ ਹੈ, ਇਹ ਗੀਤ ਉਹਨਾਂ ਗਾਉਣ ਵਾਲਿਆਂ ਅਤੇ ਗੀਤਕਾਰਾਂ ਦੇ ਮੂੰਹ ਤੇ ਚਪੇੜ ਵੀ ਹੈ ਜੋ ਲੜਕੀ ਨੂੰ ਗੀਤਾਂ ਵਿੱਚ ਅਜਿਹੇ ਘਟੀਆ ਨਾਵਾਂ ਨਾਲ ਪੇਸ਼ ਕਰਦੇ ਹਨ । ਬੀਬੀ ਸੁਮਨਦੀਪ ਕੌਰ ਖਾਲਸਾ ਜੀ ਨੇ ਦੱਸਿਆ ਕਿ ਅੱਜ ਵਧ ਰਹੇ ਨਸ਼ੇ, ਵਧ ਰਹੀ ਅਸ਼ਲੀਲਤਾ ਨੂੰ ਰੋਕਣ ਲਈ ਸਾਨੂੰ ਵੱਧ ਤੋਂ ਵੱਧ ਪਰਚਾਰ ਕਰਨ ਦੀ ਲੋੜ ਹੈ, ਜਿਸ ਨਾਲ ਇਹਨਾਂ ਬੁਰਾਈਆਂ ਨੂੰ ਠੱਲ੍ਹ ਪਾਈ ਜਾ ਸਕੇ । ਬੀਬਾ ਜੀ ਨੇ ਇਹ ਵੀ ਦੱਸਿਆ ਕਿ ਆਉਣ ਵਾਲੇ ਸਮੇਂ ‘ਚ ਸਮਾਜ ਨੂੰ ਸੇਧ ਦੇਣ ਵਾਲੇ ਅਤੇ ਗੁਰ ਇਤਿਹਾਸ ਨਾਲ ਸੰਬੰਧਿਤ ਹੋਰ ਵੀ ਵਧੀਆ ਗੀਤ ਲੈ ਕੇ ਉਹ ਸੰਗਤਾਂ ਦੀ ਕਚਹਿਰੀ ਵਿੱਚ ਹਾਜ਼ਰ ਹੁੰਦੇ ਰਹਿਣਗੇ।

# ਸਿੱਖਿਆ ਕ੍ਰਾਂਤੀ ਬਦਲੇਗੀ ਪੰਜਾਬ ਦੀ ਤਸਵੀਰ: ਹਰਭਜਨ ਸਿੰਘ ਈ. ਟੀ. ਓ.

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੀ ਵਾਗਡੋਰ ਸੰਭਾਲਣ ਸਾਰ ਸਭ ਤੋਂ ਪਹਿਲਾਂ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਦੀ ਦਿਸ਼ਾ ਵਿਚ ਕੰਮ ਸ਼ੁਰੂ ਕੀਤਾ। ਉਕਤ ਪ੍ਰਗਟਾਵਾ ਇਕ ਪ੍ਰੈਸ ਬਿਆਨ ਰਾਹੀਂ ਸੂਬੇ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਕੀਤਾ। ਉਨ੍ਹਾਂ ਕਿਹਾ ਸਿੱਖਿਆ ਕ੍ਰਾਂਤੀ ਪੰਜਾਬ ਰਾਜ ਦੀ ਤਸਵੀਰ ਬਦਲ ਕੇ ਰੱਖ ਦੇਵੇਗੀ।

ਉਨ੍ਹਾਂ ਕਿਹਾ ਸਾਡੀ ਪਾਰਟੀ ਨੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਪਹਿਲੀ ਵਾਰ ਸਿੱਖਿਆ ਦੇ ਨਾਮ ਤੇ ਲੋਕਾਂ ਤੋਂ ਵੋਟਾਂ ਪਾਉਣ ਦੀ ਮੰਗ ਕੀਤੀ ਸੀ ਜਿਸ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਅਤੇ ਸਾਡੀ ਪਾਰਟੀ ਦੇ 92 ਉਮੀਦਵਾਰਾਂ ਨੂੰ ਜਿਤਾ ਕੇ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਗਠਨ ਕੀਤਾ।

ਸਰਦਾਰ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਸੂਬੇ ਦੇ 20 ਹਜ਼ਾਰ ਤੋਂ ਵੱਧ ਸਰਕਾਰੀ ਸਕੂਲਾਂ ਦਾ ਸੁਧਾਰ ਕਰਨ ਵਿੱਚ ਸਮਾਂ ਲੱਗ ਰਿਹਾ ਹੈ ਪ੍ਰੰਤੂ ਫਿਰ ਵੀ ਸਾਡੀ ਸਰਕਾਰ ਇਸ ਦਿਸ਼ਾ ਪੂਰੀ ਦ੍ਰਿੜਤਾ ਅਤੇ ਇਮਾਨਦਾਰ ਨਾਲ ਕੰਮ ਕਰ ਰਹੀ ਹੈ ਜਿਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਉਣ ਲੱਗੇ ਹਨ।

ਉਨ੍ਹਾਂ ਕਿਹਾ ਕਿ 70 ਸਾਲ ਤੋਂ ਵੱਧ ਸੂਬੇ ਦਾ ਰਾਜਭਾਗ ਭੋਗਣ ਵਾਲੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਾਡੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਕੀਤੇ ਜਾ ਰਹੇ ਵਿਕਾਸ ਕਾਰਜ ਬਰਦਾਸ਼ਤ ਨਹੀਂ ਹੋ ਰਹੇ।

ਸਰਦਾਰ ਹਰਭਜਨ ਸਿੰਘ ਈ ਟੀ ਓ ਨੇ ਦੱਸਿਆ ਕਿ ਉਨ੍ਹਾਂ ਦੇ ਵਿਧਾਨ ਸਭਾ ਹਲਕੇ ਨੂੰ ਵੀ ਕਰੋੜਾਂ ਰੁਪਏ ਦੇ ਫੰਡ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਪ੍ਰਾਪਤ ਹੋਏ ਹਨ ਜਿਨ੍ਹਾਂਵਿੱਚੋਂ ਸਰਕਾਰੀ ਐਲੀਮੈਂਟਰੀ ਅਤੇ ਸਰਕਾਰੀ ਮਿਡਲ



ਸਕੂਲ ਧੀਰੇਕੋਟ, ਸਰਕਾਰੀ ਐਲੀਮੈਂਟਰੀ ਸਕੂਲ ਗਹਿਰੀ, ਜੰਡਿਆਲਾ ਗੁਰੂ , ਸਰਕਾਰੀ ਐਲੀਮੈਂਟਰੀ ਅਤੇ ਸਰਕਾਰੀ ਮਿਡਲ ਸਕੂਲ ਭੰਗਵਾਂ ਅਤੇ ਸਰਕਾਰੀ ਹਾਈ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਟਾਂਗਰਾ ਵਿਖੇ ਹੋਏ ਵਿਕਾਸ ਕਾਰਜਾਂ ਦਾ ਉਹ ਭਲਕੇ 9 ਅਪ੍ਰੈਲ 2025 ਨੂੰ ਉਦਘਾਟਨ ਕਰਨਗੇ।

# ਮਹੱਤਵਪੂਰਣ ਵਿਸ਼ੇਸ਼ ਜਾਣਕਾਰੀ : ਅੱਖਾਂ ਦੀ ਸੰਭਾਲ ਅਤੇ ਮੁਕੰਮਲ ਨੇਤਰਹੀਨ ਹੋਣ ਤੋਂ ਬਚਾਅ ਦੇ ਉਪਾਅ:ਆਈ ਸਪੈਸ਼ਲਿਸਟ ਡਾ. ਬਵੇਜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਜਲੰਧਰ (ਗੁਰਦੀਪ ਸਿੰਘ)

ਭਾਰਤ ਵਿੱਚ ਨੇਤਰਹੀਤਾ ਬਾਰੇ ਜਾਗਰੂਕ ਕਰਨ ਲਈ ਇੱਕ ਹਫਤੇ ਦਾ ਪ੍ਰੋਗਰਾਮ ਚਲਾਇਆ ਗਿਆ। ਆਈ ਸਪੈਸ਼ਲਿਸਟ ਡਾ. ਨਰਿੰਦਰ ਸਿੰਘ ਬਵੇਜਾ ਐਮ ਬੀ ਬੀ ਐਸ, ਡੀ. ਓ. ਐਮ. ਐਸ. ,ਐਮ ਐਸ ਮਿਲਾਪ ਚੌਂਕ ਜਲੰਧਰ ਨੇ ਦੱਸਿਆ:ਨੇਤਰਹੀਣ ਹੋਣ ਦਾ ਮਤਲਬ ਹੈ ਨਜ਼ਰ ਦਾ ਬਿਲਕੁਲ ਨਾ ਹੋਣਾ। ਅੱਜ ਤੋਂ 100 ਸਾਲ ਪਹਿਲਾਂ ਨਜ਼ਰ ਚਲੇ ਜਾਣ ਦਾ ਕੋਈ ਇਲਾਜ ਨਹੀਂ ਸੀ, ਪਰ ਹੁਣ ਹਰ ਤਰਾਂ ਦੇ ਇਲਾਜ ਅਤੇ ਬਚਾਓ ਹਨ। ਹੁਣ ਮੁਕੰਮਲ ਨੇਤਰਹੀਣ ਤੋਂ ਬਚਾਅ ਦੇ ਉਪਾਅ ਨਾਲ 97-98 ਫੀਸਦੀ ਮਰੀਜ਼ਾਂ ਨੂੰ ਇਲਾਜ ਕਰਨ ਤੇ ਰੋਸ਼ਨੀ ਵਾਪਸ ਮਿਲ ਸਕਦੀ ਹੈ। ਅੱਜ ਦੇ ਸਮੇਂ ਚਿੱਟਾ ਮੋਤੀਆ , ਕਾਲਾ ਮੋਤੀਆ, ਸ਼ੂਗਰ ਦੀ ਬਿਮਾਰੀ, ਅੱਖ ਵਿੱਚ ਇਨਫੈਕਸ਼ਨ, ਟੀ ਬੀ, ਸਾਰਕਾਇਡੋਸਿਸ ਆਦਿ ਨੂੰ ਇਲਾਜ ਨਾਲ ਠੀਕ ਕੀਤਾ ਜਾ ਸਕਦਾ ਹੈ।ਅਕਸਰ 50 ਸਾਲ ਦੀ ਉਮਰ ਤੋਂ ਵੱਡੇ ਬੰਦਿਆਂ ਦਾ ਤਕਲੀਫ ਹੋਣ ਕਾਰਨ ਅੱਖ ਦੇ ਪਰਦੇ ਦਾ ਵਿਚਕਾਰਲਾ ਹਿਸਾ (ਏ.ਆਰ.ਐਮ.ਡੀ.) ਖਰਾਬ ਹੋ ਜਾਂਦਾ ਹੈ, ਜੋ ਦੇਖਣ ਦਾ ਕੰਮ ਕਰਦਾ ਹੈ। ਅੱਜ ਕੱਲ ਇਹ ਬਿਮਾਰੀ ਬਹੁਤ ਵੱਧ ਗਈ ਹੈ। ਜਿਸ ਦੇ ਵੱਡੇ ਕਾਰਨ ਫੈਕਟਰੀਆਂ ਤੇ ਸੜਕਾਂ ਤੇ ਹੁੰਦੇ ਹਾਦਸੇ,ਪਟਾਕੇ,ਹੋਲੀ ਤੇ ਸਿੰਥੈਟਿਕ ਰੰਗਾਂ ਦੀ ਵਰਤੋਂ ਅਤੇ ਖੇਡਾਂ ਦੌਰਾਨ ਲੱਗੀਆਂ ਸੱਟਾਂ ਹਨ।ਹੁਣ ਮੋਤੀਏ ਦੇ ਇਲਾਜ ਵਾਸਤੇ ਆਪਰੇਸ਼ਨ ਬਿਲਕੁਲ ਆਮ ਹੋ ਗਏ ਹਨ। ਸਰਕਾਰ ਨੇ 'ਆਯੂਸ਼ਮਾਨ ਭਾਰਤ ਸਕੀਮ' ਤਹਿਤ ਸਭ ਸਰਕਾਰੀਹਸਪਤਾਲਾਂ ਵਿੱਚ ਇਸ ਦਾ ਬਨਾਵਟੀ ਲੈਂਜ ਫਰੀ ਆਪਰੇਸ਼ਨ ਦਾ ਬੰਦੋਬਸਤ ਕੀਤਾ ਹੈ। ਕਈ ਰੋਟਰੀ ਕਲੱਬ ਅਤੇ ਦਾਨੀ ਸੱਜਣ ਅੱਖਾਂ ਦੇ ਕੈਂਪ ਲਗਾ ਕੇ ਦਵਾਈਆਂ ਤੇ ਐਨਕਾਂ ਮੁਫਤ ਵੰਡਦੇ ਹਨ। ਹੁਣ ਵਧੀਆ ਹਲ ਨਿਕਲਣ ਤੇ ਤਕਰੀਬਨ 42 ਫੀਸਦੀ ਲੋਕ ਚਿੱਟੇ ਮੋਤੀਏ ਦੀ ਤਕਲੀਫ ਤੋਂ ਮੁਕਤ ਹੋ ਗਏ ਹਨ।

ਕਾਲਾ ਮੋਤੀਆ ਹੋਣ ਤੇ ਇਸ ਦਾ ਵੇਲੇ ਸਿਰ ਪਤਾ ਲੱਗਣ ਨਾਲ ਇਲਾਜ ਸੌਖਾ ਹੋ ਜਾਂਦਾ ਹੈ। ਸ਼ੂਗਰ ਕਰਕੇ ਵੀ ਨਜ਼ਰ ਖਰਾਬ ਹੋ ਜਾਂਦੀ ਹੈ।ਗੁਰਦੁਆਰਾ ਰਾਮਪੁਰ ਖੇੜਾ ਵਿੱਚ ਹਰ ਹਫਤੇ 125 ਤੋਂ 150 ਮਰੀਜ਼ਾਂ ਦੇ ਮੁਫਤ ਆਪਰੇਸ਼ਨ ਕੀਤੇ ਜਾਂਦੇ ਹਨ। ਜਿੱਥੇ ਪੰਜਾਬ,ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਦੇ ਮਰੀਜ਼ ਆ ਕੇ ਲਾਭ ਉਠਾਉਂਦੇ ਹਨ।ਹੁਣ ਕਮਜ਼ੋਰ ਨਜ਼ਰ ਵਾਲਿਆਂ ਦੀ ਜਾਂਚ ਤੋਂ ਬਾਅਦ ਐਨਕਾਂ ਜਾਂ ਹੋਰ ਤਰੀਕਿਆਂ ਦੇ ਨਾਲ ਨਜ਼ਰ ਵਧਾਈ ਜਾ ਸਕਦੀ ਹੈ। 50 ਸਾਲ ਤੋਂ ਬਾਅਦ ਮਰੀਜ਼ਾਂ ਨੂੰ ਏ.ਆਰ.ਐਮ.ਡੀ. ਬਾਰੇ ਜਾਗਰੂਕ ਕਰਨਾ ਜਰੂਰੀ ਹੈ। ਇਸ ਲਈ ਐਂਟੀ ਆਕਸੀਡੈਂਟ ਦੇ ਲੋੜ ਹੁੰਦੀ ਹੈ। ਇਹ ਬਹੁਤ ਸਾਰੀਆਂ ਖਾਣ ਵਾਲੀਆਂ ਚੀਜ਼ਾਂ ਵਿੱਚੋਂ ਮਿਲ ਜਾਂਦੀਆਂ ਹਨ।ਏ.ਆਰ.ਐਮ.ਡੀ. ਨੂੰ ਰੋਕਣ ਲਈ ਵਿਟਾਮਿਨ ਏ, ਬੀ, ਸੀ, ਡੀ, ਈ ਅਤੇ ਮਿਨਰਲਸ ਲੈਣੇ ਜਰੂਰੀ ਹਨ। ਵਿਟਾਮਿਨ ਏ ਅਤੇ ਡੀ ਫੈਟ ਘੁਲਣਯੋਗ ਹਨ। ਬੀ ਅਤੇ ਸੀ ਪਾਣੀ ਵਿੱਚ ਘੁਲਣਯੋਗ ਹਨ। ਮਾਸਾਹਾਰੀ ਲੋਕਾਂ ਵਾਸਤੇ ਮੱਛੀ, ਕੋਡਲੀਵਰ ਆਇਲ ਤੇ ਅੰਡੇ ਬਹੁਤ ਹੀ ਲਾਭਦਾਇਕ ਹਨ। ਸ਼ਾਕਾਹਾਰੀਆਂ ਵਾਸਤੇ ਖਾਸ ਤੌਰ ਤੇ ਦੁੱਧ,ਗਾਜਰ ਦਾ ਜੂਸ, ਅਖਰੋਟ,ਬਦਾਮ,ਕਾਜੂ ਅਤੇ ਬਾਥੂ ਦਾ ਸਾਗ, ਗਾਜਰਾਂ ਤੇ ਮੂਲੀਆਂ ਦੇ ਪੱਤੇ, ਮੌਸਮੀ ਫਲ ਸੰਤਰੇ ਆਦਿ ਬਹੁਤ ਲਾਭਦਾਇਕ ਹਨ।

ਸਕੂਲਾਂ ਵਿੱਚ ਪੜਦੇ ਬੱਚਿਆਂ ਦੀ ਨਜ਼ਰ ਦਾ ਰੰਗ(ਕਲਰ ਵਿਜ਼ਨ) ਦਾ ਟੈਸਟ ਹੋਣਾ ਬਹੁਤ ਜਰੂਰੀ ਹੈ , ਕਿਉਂਕਿ ਜਿਹਨਾਂ ਬੱਚਿਆਂ ਦਾ ਕਲਰ ਵਿਜ਼ਨ ਖਰਾਬ ਹੋਵੇ ਉਹ ਪੁਲਿਸ, ਬੀਐਸਐਫ, ਫੌਜ, ਹਵਾਈ ਸੈਨਾ ਤੇ ਜਲ ਸੈਨਾ ਆਦਿ ਵਾਸਤੇ ਮੈਡੀਕਲੀ ਫਿਟ ਨਹੀਂ ਹੁੰਦੇ।ਸਕੂਲ ਦੇ ਬੱਚਿਆਂ ਦਾ ਸਮੇਂ ਸਮੇਂ ਨਜ਼ਰ ਦਾ ਮੁਆਇਨਾ ਕਰਾਣਾ ਚਾਹੀਦਾ ਹੈ। ਜਵਾਨੀ ਵਿੱਚ ਦੋ ਤਿੰਨ ਸਾਲ ਬਾਅਦ ਅਤੇ 40 ਸਾਲ ਤੋਂ ਉੱਪਰ ਵਾਲਿਆਂ ਨੂੰ ਹਰ



ਦੋ ਸਾਲ ਬਾਅਦ ਮੁਆਇਨਾ ਕਰਾਣਾ ਜਰੂਰੀ ਹੈ। ਜੇਕਰ ਕਿਸੇ ਦੀ ਅੱਖ ਦਾ ਬਾਹਰਲਾ ਪਰਦਾ 'ਕਾਰਨੀਆ' ਸੱਟ ਲੱਗਣ ਜਾ ਸੰਕਰਮਣ ਕਾਰਣ ਦੂਧੀਆ ਹੋ ਜਾਵੇ ਤਾਂ ਉਸਦੇ ਕਾਰਨੀਆ ਨੂੰ ਕਿਸੇ ਹੋਰ ਮਰ ਚੁੱਕੇ ਬੰਦੇ ਤੋਂ ਦਾਨ ਲੈ ਕੇ ਠੀਕ ਕੀਤਾ ਜਾ ਸਕਦਾ ਹੈ। ਹੁਣ ਨੇਤਰਦਾਨ ਬਾਰੇ ਲੋਕਾਂ ਵਿੱਚ ਹੋਲੀ ਹੋਲੀ ਜਾਗਰੂਕਤਾ ਵਧ ਰਹੀ ਹੈ ਅਤੇ ਸਵਰਗਵਾਸ ਹੋਣ ਵਾਲੇ ਵਿਅਕਤੀ ਦੇ ਰਿਸ਼ਤੇਦਾਰ ਨੇਤਰਦਾਨ ਕਰਨ ਦੀ ਪਹਿਲ ਕਰ ਰਹੇ ਹਨ।ਇਹ ਖੁਸ਼ੀ ਦੀ ਗੱਲ ਹੈ ਕਿ ਮਰੇ ਹੋਏ ਵਿਅਕਤੀ ਦੇ ਸਰੀਰ ਦਾ ਇੱਕ ਹਿੱਸਾ ਕਿਸੇ ਇੱਕ ਜੀਵਤ ਵਿਅਕਤੀ ਨੂੰ ਰੋਸ਼ਨੀ ਦੇ ਰਿਹਾ ਹੁੰਦਾ। ਅੱਜ ਦੇ ਕੰਪਿਊਟਰ ਤੇ ਮੋਬਾਈਲ ਦੇ ਯੁਗ ਵਿੱਚ ਅੱਖਾਂ ਦੀ "ਡਰਾਈਨੈਸ" ਅਤੇ ਪ੍ਰਦੂਸ਼ਣ ਨਜ਼ਰ ਖਰਾਬ ਹੋਣ ਦੇ ਕਾਰਨ ਬਣ ਰਹੇ ਹਨ ਅਤੇ ਇਸ ਤੋਂ ਬਚਣ ਵਾਸਤੇ ਲੁਬਰੀਕੇਟਸ ਵਰਤਣਾ ਬਹੁਤ ਜਰੂਰੀ ਹੋ ਗਿਆ ਹੈ। ਇਸ ਬਾਬਤ ਡਾ. ਨਰਿੰਦਰ ਸਿੰਘ ਬਵੇਜਾ , ਮਿਲਾਪ ਚੌਂਕ,ਜਲੰਧਰ 94176 23213 ਤੋਂ ਵਧੇਰੇ ਜਾਣਕਾਰੀ ਲਈ ਜਾ ਸਕਦੀ ਹੈ

# ਸਰਕਾਰੀ ਸਕੂਲ ਸਮਾਣਾ (ਪਟਿਆਲਾ) ਵਿਖੇ ਉਦਘਾਟਨ ਸਮਾਰੋਹ ਦੋਰਾਨ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਵਰਤੀ ਗੈਰ ਜ਼ਿੰਮੇਵਾਰਾਨਾ ਸ਼ਬਦਾਵਲੀ

## ਐਸ.ਸੀ. /ਬੀ.ਸੀ. ਅਧਿਆਪਕ ਯੂਨੀਅਨ ਪੰਜਾਬ ਵੱਲੋਂਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਅਧਿਆਪਕਾਂ ਤੇ ਬੱਚਿਆਂ ਪ੍ਰਤੀ ਵਰਤੀ ਗੈਰ ਜ਼ਿੰਮੇਵਾਰਾਨਾ ਸ਼ਬਦਾਵਲੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਅੱਜ ਪੰਜਾਬ ਸਰਕਾਰ ਵੱਲੋਂ ਪਹਿਲੇ ਦਿਨ ਹੀ ਸਰਕਾਰੀ ਸਕੂਲਾਂ ਦੇ ਉਦਘਾਟਨ ਸਮਾਰੋਹ ਦੌਰਾਨ ਸਮਾਣਾ ਸਕੂਲ 'ਚ ਪਹੁੰਚੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸਕੂਲ ਵਿਖੇ ਅਧਿਆਪਕਾਂ ਤੇ ਬੱਚਿਆਂ ਨੂੰ ਅਨੁਸ਼ਾਸ਼ਨ ਸਿਖਾਉਣ ਲਈ ਵਰਤੀ ਗਈ ਭੱਦੀ ਸ਼ਬਦਾਵਲੀ ਦੀ ਐਸ. ਸੀ./ ਬੀ. ਸੀ. ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜੀਤ ਸਿੰਘ ਸਲਾਣਾ, ਕਾਰਜ਼ਕਾਰੀ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲਤਾਲਾ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਪਰਵਿੰਦਰ ਭਾਰਤੀ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਵੀਰ ਸਿੰਘ ਮੋਗਾ, ਹਰਪਾਲ ਸਿੰਘ ਤਰਨਤਾਰਨ, ਅਮਿੰਦਰਪਾਲ ਸਿੰਘ ਮੁਕਤਸਰ, ਹਰਬੰਸ ਲਾਲ ਜਲੰਧਰ, ਹਰਦੀਪ ਸਿੰਘ ਤੂਰ, ਗੁਰਜੈਪਾਲ ਸਿੰਘ, ਬੇਅੰਤ ਸਿੰਘ ਭਾਂਬਰੀ, ਵਿਜੇ ਮਾਨਸਾ ਵੱਲੋ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਆਗੂਆਂ ਨੇ ਕਿਹਾ ਕਿ ਅਧਿਆਪਕਾਂ ਦੀ ਇਮਾਨਦਾਰੀ ਅਤੇ ਮਿਹਨਤਾਂ ਨਾਲ ਬਣੇ ਸਕੂਲਾਂ ਦੇ ਉਦਘਾਟਨ ਦੌਰਾਨ ਰਾਜਨੀਤਿਕ ਆਗੂ ਜਾਬਤੇ 'ਚ ਰਹਿਕੇ ਅਧਿਆਪਕ ਵਰਗ ਤੇ ਸਕੂਲੀ ਬੱਚਿਆਂ ਦਾ ਸਤਿਕਾਰ ਬਹਾਲ ਰੱਖਣ ਨਹੀ ਤਾਂ ਐਸ. ਸੀ./ ਬੀ.ਸੀ. ਅਧਿਆਪਕ ਯੂਨੀਅਨ ਪੰਜਾਬ, ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਨਵੇਂ ਦਾਖਿਲਆਂ ਦੇ ਸਮੇਂ ਕਰੋੜਾਂ ਰੁਪਏ ਖਰਚ ਕਰਵਾਕੇ ਅਧਿਆਪਕਾਂ ਨੂੰ ਬੇਵਕਤੀ ਉਦਘਾਟਨ ਸਮਾਰੋਹਾਂ 'ਚ ਉਲਝਾਇਆ ਜਾ ਰਿਹਾ ਹੈ। ਰਾਜਨੀਤਿਕ ਆਗੂ ਇਹ ਯਾਦ ਰੱਖਣ ਕੇ ਅਧਿਆਪਕ ਇੱਕ ਗੁਰੂ ਹੈ ਤੇ ਜੋ ਲੋਕ ਆਪਣੇ ਗੁਰੂਆਂ ਦਾ ਸਤਿਕਾਰ ਨਹੀਂ ਕਰਦੇ, ਅਕਸਰ ਕੁਰਾਹੀਏ ਹੋ ਜਾਂਦੇ ਹਨ। ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਅਨੁਸਾਰ ਅਧਿਆਪਕਾਂ ਨੂੰ ਗੈਰ ਵਿਦਿਅਕ ਕੰਮਾਂ/ ਆਨਲਾਈਨ ਕੰਮਾਂ, ਬੀ. ਐੱਲ. ਓਜ ਡਿਊਟੀਆਂ, ਸਿਵਲ ਵਰਕਸ ਦੇ ਕੰਮਾਂ, ਜਿਹਨਾਂ ਕਰਕੇ ਦਾਖਲੇ ਵੀ ਦਿਨ ਬਦਿਨ ਪ੍ਰਭਾਵਿਤ ਹੋ ਰਹੇ ਹਨ ਤੋਂ ਮੁਕਤ ਕਰਨਾ ਚਾਹੀਦਾ ਹੈ। ਨਵੇਂ ਸੈਸ਼ਨ ਦੀਆਂ ਕਿਤਾਬਾਂ ਅਤੇ ਵਰਦੀਆਂ ਅਜੇ ਤੱਕ ਸਕੂਲਾਂ ਚ ਨਹੀਂ ਪਹੁੰਚੀਆਂ। ਫੋਕੀ ਸ਼ੋਹਰਤ ਖੱਟਣ ਦੀ ਬਜਾਏ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ/ਡੀ ਏ/ਪੁਰਾਣੇ ਪੇ- ਕਮਿਸ਼ਨ ਦੀਆਂ ਤਰੁੱਟੀਆਂ/ਬਾਰਡਰ ਭੱਤਾ/ਪੇਂਡੂ ਭੱਤੇ ਸਮੇਤ /ਕੇਂਦਰੀ ਪੈਟਰਨ ਦੀ ਜਗ੍ਹਾ ਪੰਜਾਬ ਸਕੇਲ ਲਾਗੂ ਕਰਨ ਅਤੇ ਪ੍ਰਮੋਸ਼ਨਾਂ , ਸਕੂਲਾਂ 'ਚ ਡਾਟਾ ਐਂਟਰੀ ਅਪਰੇਟਰਾਂ, ਸਫਾਈ ਸੇਵਕਾਂ, ਚੌਂਕੀਦਾਰਾਂ ਸਮੇਤ, ਸਭ ਵਿਭਾਗੀ ਅਹਿਮ ਮੁੱਖ ਮੰਗਾਂ ਪੂਰੀਆਂ ਕਰਕੇ ਲੋਕਾਂ ਦੀ ਵਹ-ਵਾਹ ਖੱਟੇ। ਜੇਕਰ ਇਸ ਸਮੇਂ ਪੰਜਾਬ ਭਰ ਦੇ ਸਕੂਲ ਵਧੀਆ ਬਣ ਰਹੇ ਹਨ ਤਾਂ ਇਸ ਵਿੱਚ ਅਧਿਆਪਕਾਂ ਦੀ ਮਿਹਨਤ ਤੇ ਲਗਨ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਆਗੂਆਂ ਨੇ ਸਰਕਾਰ ਦੇ ਇਸ ਫ਼ੈਸਲੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਕਿ ਸਕੂਲਾਂ ਦੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਚ ਹਲਕਾ ਵਿਧਾਇਕ ਦੇ ਇੱਕ ਨੁਮਾਇੰਦੇ ਨੂੰ ਸ਼ਾਮਿਲ ਕੀਤਾ ਜਾਵੇ ਤੇ ਅਧਿਆਪਕ ਸੋਸ਼ਲ ਸਾਈਟਾਂ ਫੇਸਬੁੱਕ, ਟਵਿਟਰ ਤੇ ਵ੍ਹਟਸਐਪ ਤੇ ਸਿੱਖਿਆ ਕਰਾਂਤੀ ਨਾਲ ਉਦਘਾਟਨ ਪ੍ਰੋਗਰਾਮਾਂ ਦੀਆਂ ਫ਼ੋਟੋਆਂ ਪਾ ਕੇ ਸਰਕਾਰ ਪੱਖੀ ਪ੍ਰਚਾਰ ਕਰਵਾਉਣ ਦੀ ਥਾਂ ਸਰਕਾਰ ਸਕੂਲਾਂ ਚ ਸੁਖਾਵਾਂ ਵਿਦਿਅਕ ਮਾਹੌਲ ਬਣਾਉਣ ਲਈ ਅਧਿਆਪਕਾ ਦੀ ਘਾਟ ਨੂੰ ਦੂਰ ਕਰਨ ਲਈ ਨਵੀਆਂ ਭਰਤੀਆਂ ਕੱਢ ਕੇ ਇਸ਼ੇ ਸੈਸ਼ਨ ਵਿੱਚ ਅਧਿਆਪਕ ਭਰਤੀ ਕਰੇ ਤਾਂ ਜ਼ੋ ਕੋਈ ਵੀ ਸਕੂਲ ਅਧਿਆਪਕਾਂ ਤੋਂ ਵਾਂਝਾ ਨਾ ਹੋਵੇ। ਇਸ ਨਾਲ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਗਿਣਤੀ ਵੀ ਵਧੇਗੀ ਅਤੇ ਸਕੂਲਾਂ ਵਿੱਚ ਇੱਕ ਚੰਗਾ ਵਿੱਦਿਅਕ ਮਾਹੌਲ ਸਿਰਜਿਆ ਜਾ ਸਕੇਗਾ ਜੋ ਅਸਲ ਵਿੱਚ ਸਿੱਖਿਆ ਕ੍ਰਾਂਤੀ ਹੋਵੇਗੀ।

# ਘਰੇਲੂ ਰਸੋਈ ਗੈਸ ਦੀ ਕੀਮਤ ਵਧਾ ਕੇ ਮੋਦੀ ਸਰਕਾਰ ਨੇ ਗਰੀਬ ਤੇ ਮੱਧ ਵਰਗ ਦਾ ਲੱਕ ਤੋੜਿਆ : ਧਾਲੀਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 8 ਅਪ੍ਰੈਲ (ਸ਼ਿਵ ਕੌੜਾ) ਕੇਂਦਰ ਸਰਕਾਰ ਵੱਲੋਂ ਘਰੇਲੂ ਰਸੋਈ ਗੈਸ ਦੀ ਕੀਮਤ ਵਿੱਚ 50 ਰੁਪਏ ਪ੍ਰਤੀ ਸਿਲੰਡਰ ਵਾਧੇ ਦੀ ਸਖ਼ਤ ਨਿੰਦਾ ਕਰਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਕਿਹਾ ਕਿ ਮੋਦੀ ਸਰਕਾਰ ਨੇ ਅੱਤ ਦੀ ਮਹਿੰਗਾਈ ਕਰਕੇ ਗਰੀਬ ਅਤੇ ਮੱਧ ਵਰਗ ਦਾ ਲੱਕ ਤੋੜ ਦਿੱਤਾ ਹੈ। ਉਨ੍ਹਾਂ ਵਧੀ ਹੋਈ ਕੀਮਤ ਤੁਰੰਤ ਵਾਪਸ ਲੈਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਨਰਿੰਦਰ ਮੋਦੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ 100 ਦਿਨਾਂ ਦੇ ਅੰਦਰ ਮਹਿੰਗਾਈ ਨੂੰ ਕਾਬੂ ਕਰਨ ਦਾ ਵਾਅਦਾ ਕੀਤਾ ਸੀ, ਪਰ 11 ਸਾਲਾਂ ਬਾਅਦ ਸਥਿਤੀ ਇਹ ਹੈ ਕਿ ਮਹਿੰਗਾਈ ਘਟਣ ਦੀ ਬਜਾਏ ਕਈ ਗੁਣਾ ਵੱਧ ਗਈ ਹੈ। ਧਾਲੀਵਾਲ ਨੇ ਯੂ.ਪੀ.ਏ. ਦਾ ਜਿਕਰ ਕਰਦਿਆਂ ਕਿਹਾ ਕਿ ਸਾਲ 2011 ਵਿੱਚ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਕੱਚੇ ਤੇਲ ਦੀ ਕੀਮਤ 94.88 ਅਮਰੀਕੀ ਡਾਲਰ ਸੀ। ਫਿਰ ਵੀ ਭਾਰਤ ਵਿੱਚ ਪੈਟਰੋਲ ਦੀ ਕੀਮਤ 63.77 ਰੁਪਏ ਸੀ। ਅੱਜ, ਕੱਚੇ ਤੇਲ ਦੀ ਕੀਮਤ ਲਗਭਗ 60 ਡਾਲਰ ਹੋਣ ਦੇ ਬਾਵਜੂਦ, ਦੇਸ਼ ਵਿੱਚ ਪੈਟਰੋਲ 90 ਤੋਂ 100 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ। ਕੋਵਿਡ ਦੇ ਸਮੇਂ ਜਦੋਂ ਕੱਚਾ ਤੇਲ 40 ਡਾਲਰ ਪ੍ਰਤੀ ਬੈਰਲ ਹੋ ਗਿਆ ਸੀ, ਤਾਂ ਵੀ ਮੋਦੀ ਸਰਕਾਰ ਨੇ ਲੋਕਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਅਤੇ ਪੈਟਰੋਲ ਦੀ ਕੀਮਤ 80 ਰੁਪਏ ਤੋਂ ਘੱਟ ਨਹੀਂ ਕੀਤੀ ਗਈ। ਉਨ੍ਹਾਂ ਨੇ ਡਾਲਰ ਦੇ ਮੁਕਾਬਲੇ ਰੁਪਏ ਦੀ ਡਿੱਗਦੀ ਕੀਮਤ ਲਈ ਵੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਰਹਿੰਦਿਆਂ ਨਰਿੰਦਰ ਮੋਦੀ ਡਾਲਰ ਦੀ ਵੱਧਦੀ ਕੀਮਤ ਬਾਰੇ ਵਿਅੰਗ ਕਰਦੇ ਸਨ, ਜਦਕਿ ਉਸ ਸਮੇਂ ਅਮਰੀਕੀ ਡਾਲਰ 60 ਰੁਪਏ ਦਾ ਸੀ। ਅੱਜ ਉਹੀ ਡਾਲਰ 85 ਰੁਪਏ ਦਾ ਹੈ



ਪਰ ਪ੍ਰਧਾਨ ਮੰਤਰੀ ਮੋਦੀ ਅਤੇ ਉਹਨਾਂ ਦਾ ਪੂਰਾ ਮੰਤਰੀ ਮੰਡਲ ਇਸ ਮੁੱਦੇ ਤੇ ਖਾਮੋਸ਼ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਧਦੀ ਮਹਿੰਗਾਈ ਦੇ ਮੁੱਦੇ 'ਤੇ ਚੁੱਪ ਨਹੀਂ ਬੈਠੇਗੀ। ਜੇਕਰ ਰਸੋਈ ਗੈਸ ਦੀ ਵਧੀ ਕੀਮਤ ਵਾਪਸ ਨਾ ਲਈਆਂ ਗਈਆਂ ਤਾਂ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਦੇ ਹੁਕਮਾਂ ਅਨੁਸਾਰ ਮੋਦੀ ਸਰਕਾਰ ਵਿਰੁੱਧ ਇੱਕ ਵੱਡਾ ਜਨ ਅੰਦੋਲਨ ਸ਼ੁਰੂ ਕੀਤਾ ਜਾਵੇਗਾ

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਦੇ ਤਣਾਅ ਪ੍ਰਬੰਧਨ ਸੈੱਲ ਨੇ 'ਜੀਵਨ ਹੁਨਰ' 'ਤੇ 7 ਦਿਨਾਂ ਵਰਕਸ਼ਾਪ ਦਾ ਆਯੋਜਨ ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com





ਫਗਵਾੜਾ (ਸ਼ਿਵ ਕੌੜਾ) ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਸੁਯੋਗ ਅਗਵਾਈ ਹੇਠ, ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਫਗਵਾੜਾ ਦੇ ਤਣਾਅ ਪ੍ਰਬੰਧਨ ਸੈੱਲ ਨੇ 1 ਅਪ੍ਰੈਲ ਤੋਂ 7 ਅਪ੍ਰੈਲ, 2025 ਤੱਕ 'ਜੀਵਨ ਕੌਸ਼ਲ' 'ਤੇ 7 ਦਿਨਾਂ ਵਰਕਸ਼ਾਪ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਦੌਰਾਨ, ਵਿਦਿਆਰਥੀਆਂ ਨੇ ਸਮੱਸਿਆ ਹੱਲ ਕਰਨ ਦੇ ਹੁਨਰ, ਮਨੁੱਖੀ ਸ਼ਖਸੀਅਤ, ਮਨੁੱਖੀ ਬੁੱਧੀ ਅਤੇ ਆਈਕਿਊ, ਅਤੇ ਯੋਗਤਾਵਾਂ ਦੀਆਂ ਕਿਸਮਾਂ ਵਰਗੇ ਵੱਖ-ਵੱਖ ਸੰਕਲਪਾਂ ਬਾਰੇ ਸਿੱਖਿਆ। ਵਰਕਸ਼ਾਪ ਦੇ ਆਖਰੀ ਦਿਨ, ਵਿਦਿਆਰਥੀਆਂ ਲਈ ਇੱਕ ਕਾਉਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿੱਥੇ ਉਨ੍ਹਾਂ ਨੇ ਕਾਉਂਸਲਿੰਗ ਦੀ ਧਾਰਨਾ ਅਤੇ ਇਹ ਕਿਉਂ ਮਹੱਤਵਪੂਰਨ ਹੈ ਬਾਰੇ ਸਿੱਖਿਆ। ਇਸ ਵਰਕਸ਼ਾਪ ਵਿੱਚ ਇਹ ਦੱਸਿਆ ਗਿਆ ਕਿ ਕਾਉਂਸਲਿੰਗ ਇੱਕ ਸੁਰੱਖਿਅਤ ਜਗ੍ਹਾ ਹੈ ਅਤੇ ਇਹ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਲੋਕਾਂ ਨੂੰ ਚੁਣੌਤੀਆਂ ਨਾਲ ਨਜਿੱਠਣ, ਆਪਣੇ ਆਪ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਆਪਣੇ ਸਬੰਧਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ। ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਾ ਕਰਨ ਦੀਆਂ ਰਣਨੀਤੀਆਂ ਬਾਰੇ ਵੀ ਸਿੱਖਿਆ। ਇਸ ਜਾਣਕਾਰੀ ਭਰਪੂਰ ਸੈਸ਼ਨ ਤੋਂ ਬਾਅਦ, ਕਾਲਜ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਵਿਦਿਆਰਥਣਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਦੇ ਭਵਿੱਖ ਬਾਰੇ ਸਲਾਹ ਦਿੱਤੀ। ਉਨ੍ਹਾਂ ਨੇ ਇਸ ਉਪਯੋਗੀ ਵਰਕਸ਼ਾਪ ਲਈ ਪ੍ਰਬੰਧਕ ਟੀਮ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅਜਿਹੇ ਹੋਰ ਸਮਾਗਮਾਂ ਦਾ ਆਯੋਜਨ ਕਰਨ ਲਈ ਉਤਸ਼ਾਹਿਤ ਕੀਤਾ

# ਚਰਚਿਤ ਅਦਾਕਾਰ ਦਰਸ਼ਨ ਘਾਰੂ ਜੀ ਦੀ ਵਿਲੱਖਣ ਖੂਬਸੂਰਤ ਅਦਾਕਾਰੀ ਦਰਸ਼ਕਾਂ ਦੇ ਸਿਰ ਚੜ੍ਹ ਬੋਲਦੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਪੰਜਾਬੀ ਫਿਲਮ ਇੰਡਸਟ੍ਰੀਜ ਵਿਚ ਬਹੁਤ ਸਾਰੀਆ ਅਜਿਹੀਆਂ ਮਾਣਮੱਤੀਆਂ ਸਖਸ਼ੀਅਤਾਂ ਅਜਿਹੀਆਂ ਹਨ, ਜਿੰਨਾ ਦੀ ਦਿਨ ਰਾਤ ਦੀ ਮਿਹਨਤ ਤੇ ਅਦਾਕਾਰੀ ਸਿਨੇਮਾ ਪ੍ਰੇਮੀਆਂ ਦੇ ਸਿਰ ਚੜ੍ਹ ਬੋਲਦੀ ਹੈ। ਮੈ ਅਜਿਹੀ ਹੀ ਇਕ ਸਖਸ਼ੀਅਤ ਨੂੰ ਤੁਹਾਡੇ ਸਨਮੁੱਖ ਕਰਨ ਜਾ ਰਿਹਾ ਹਾਂ , ਜਿਨਾਂ ਦੀ ਬੇਮਿਸਾਲ ਅਦਾਕਾਰੀ ਬਾਲੀਵੁੱਡ, ਪਾਲੀਵੁੱਡ ਤੇ ਟਾਲੀਵੁੱਡ ਵਿਚ ਆਪਣਾ ਵੱਖਰਾ ਅਧਾਰ ਪੇਸ਼ ਕਰਦੀ ਹੈ।

ਉਸ ਚਰਚਿਤ ਸਖਸ਼ੀਅਤ ਦਾ ਨਾਮ ਹੈ "ਦਰਸ਼ਨ ਘਾਰੂ, ਓਨਾਂ ਦਾ ਜਨਮ ਸਰਦਾਰ ਗੁਰਨਾਮ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੇ ਕੁੱਖੇ ਪਿੰਡ ਬੋਹਾ ਜ਼ਿਲਾ ਮਾਨਸਾ ਵਿਚ ਹੋਇਆਂ। ਪਰ ਅੱਜ ਕੱਲ੍ਹ ਓਨਾਂ ਦਾ ਆਸ਼ੀਆਨਾ ਮੋਹਾਲੀ ਸੰਨੀ ਇਨਕਲੇਵ ਵਿੱਚ ਹੈ।

ਜੇਕਰ ਓਨਾਂ ਦੇ ਪੰਜਾਬੀ ਟੀ.ਵੀ ਸੀਰੀਅਲ ਦੀ ਗੱਲ ਕਰੀਏ ਤਾਂ ਓਨਾਂ ਦੇ 'ਐਮ.ਐਚ.ਵਨ' , ਜਲੰਧਰ ਦੂਰਦਰਸ਼ਨ, ਪੰਜਾਬ ਚੈਨਲ ਤੇ ਲਿਸ਼ਕਾਰਾ ਚੈਨਲ ਆਦਿ ਦਰਸ਼ਕਾਂ ਦਾ ਮਨੋਰੰਜਨ ਕਰਦੇ ਰਹੇ। ਓਨਾਂ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨਾਲ "ਜੁਗਨੂੰ ਹਾਜਿਰ ਹੈ", ਕਾਟੇ ਫੁੱਲਾਂ ਤੇ , ਦਾ ਗ੍ਰੇਟ ਕਮੇਡੀ ਸੋਅ, ਕੇਹਰ ਸਿੰਘ ਦੀ ਮੌਤ, ਕਰੇਜੀ ਥਾਣਾਂ, ਸਿਰਨਾਵਾਂ ਤੇ ਸੰਦਲੀ ਪੈੜਾਂ ਆਦਿ ਹਨ।

ਓਨਾਂ ਦੀਆਂ ਵੈਬਸੀਰੀਜ਼ ਟੂੰਮਾਂ, ਤੇਜਾ ਨਗੋਰੀ, ਪਰਛਾਵੇ ਤੇ ਅਣਖ ਚੈਨਲਾਂ ਦੀ ਸਾਨ ਬਣੇ।

ਇਸ ਤੇ ਇਲਾਵਾ ਲਘੂ ਫਿਲਮ 'ਝਨਾਅ ਦਾ ਪਾਣੀ' , ਮਾਮੇ ਹੀਰ ਦੇ 2" ਓਨਾਂ ਦੀ ਆਪਣੀ ਹੱਥ ਲਿਖਤ ਹੈ , ਹਮਰੇ ਸਰਦਾਰ ਜੀ, ਕੈਰਮ ਬੋਰਡ, ਟੇਪ ਰਿਕਾਰਡਰ, ਵੈਬਸੀਰੀਜ਼ ਦੀਵੇ ਵਾਂਗ ਬਲਦੀ ਅੱਖ, ਤੀਵੀਆਂ,ਸੱਕ ਤੇ ਸੂਈ, ਬੰਤਾਂ ਵੈਲੀ ਤੇ ਕੇਹਲੀ ਤੇ ਕਿਰਾਏਦਾਰ ਵੈਬਸੀਰੀਜ਼ ਦੇ 10 ਕਿਸ਼ਤਾਂ 'ਦਰਸ਼ਨ ਘਾਰੂ ਜੀ' ਖੁਦ ਲਿਖੀਆਂ ਸਨ ਅਤੇ ਵੈਬਸੀਰੀਜ਼ 'ਇਕ ਰਮਾਇਣ ਹੋਰ', ਰੂਮ ਨੰਬਰ 302, 'ਉਜੜੇ ਖੂਹਾਂ ਦਾ ਪਾਣੀ' ਆਦਿ ਬਾਕਮਾਲ ਦੀ ਅਦਾਕਾਰੀ ਕਰ ਵਾਹ ਵਾਹ ਖੱਟੀ।

ਏਸੇ ਤਰਾਂ ਹੀ ਪੜਾਅ ਦਰ ਪੜਾਅ ਓਹ ਪੰਜਾਬੀ ਫੀਚਰ ਫ਼ਿਲਮਾਂ ਵੱਲ ਵਧੇ ਅਤੇ ਕਈ ਦਿਗਜ ਅਦਾਕਾਰ ਨਾਲ ਕੰਮ ਕੀਤਾ। ਪੰਜਾਬੀ ਫੀਚਰ ਫ਼ਿਲਮ "ਮਿੰਦੋ ਤਹਿਸੀਲਦਾਰਨੀ,ਟੈਲੀਵਿਜ਼ਨ, ਸਾਊ ਮੁੰਡੇ, ਯੋਧਾ, ਡਾਕੂਆਂ ਦਾ ਮੁੰਡਾ 2, ਬਸੰਤ ਕੌਰ, ਗੋਲਗੱਪੇ, ਉੱਲੂ ਦੇ ਪੱਠੇ, ਤੇ ਟੇਪ ਰਿਕਾਰਡਰ ਤੇ ਇਲਾਵਾ ਹਿੰਦੀ ਸੀਰੀਅਲ 'ਕਰਾਇਮ ਪੈਟਰੇਲ', ਸਾਵਧਾਨ ਇੰਡੀਆ ਤੇ ਉਮੀਦ ਕਾ ਡੇਰਾ' ਰਾਹੀ ਦਰਸ਼ਕਾਂ ਤੇ ਚੰਗੇ ਅਦਾਕਾਰ ਵਜੋ ਅਮਿੱਟ ਛਾਪ ਛੱਡੀ।



ਓਨਾਂ ਨੇ ਗੱਲਬਾਤ ਦੌਰਾਨ ਦੱਸਿਆਂ ਕਿ ਓਹ ਚਾਇਨਾ ਵਿਚ ਵੀ ਚਾਰ ਫਿਲਮਾਂ ਕੀਤੀਆਂ ਤੇ ਬਹੁਤ ਜਲਦ ਓਨਾਂ ਦੀਆਂ ਦੇ ਫੀਚਰ ਫ਼ਿਲਮਾਂ ਅਤੇ ਇਕ ਕਰਾਇਮ ਵੈਬਸੀਰੀਜ਼ ਬਣਨ ਜਾ ਰਹੀ ਹੈ।

ਚਰਚਿਤ ਅਦਾਕਾਰ ਦਰਸ਼ਨ ਘਾਰੂ ਜੀ ਦਾ ਬੇਟਾ "ਸਾਹਿਲਵੀਰ " ਕੈਰਮ ਬੋਰਡ ਲਘੂ ਫ਼ਿਲਮ ਵਿਚ ਬਾਲ ਅਦਾਕਾਰ ਵਜੋ ਪਾਲੀਵੁੱਡ ਵਿੱਚ ਇੰਟਰੀ ਕਰ ਚੁੱਕੇ ਹਨ। ਪ੍ਰਮਾਤਮਾ ਚੜਦੀ ਕਲਾ ਵਿੱਚ ਰੱਖੇ, 'ਅਦਾਕਾਰ ਦਰਸ਼ਨ ਘਾਰੂ ਜੀ' ਦਾ ਫ਼ਿਲਮੀ ਸਫ਼ਰ ਬੁਲੰਦੀਆਂ ਛੂਹੇ । ਆਮੀਨ

ਸ਼ਿਵਨਾਥ ਦਰਦੀ
ਫ਼ਰੀਦਕੋਟ
ਫ਼ਿਲਮ ਜਰਨਲਿਸਟ

# ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਦਿੜ੍ਹਬਾ ਦੇ ਪਿੰਡ ਬਘਰੌਲ ਵਿਖੇ "ਪੰਜਾਬ ਸੰਭਾਲੋ" ਰੈਲੀ

## ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਦਿੜ੍ਹਬਾ ਦੇ ਪਿੰਡ ਬਘਰੌਲ ਵਿਖੇ "ਪੰਜਾਬ ਸੰਭਾਲੋ" ਰੈਲੀ ਕਰਕੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ ਗਿਆ, ਚਮਕੌਰ ਵੀਰ। ਪੰਜਾਬ ਸੰਭਾਲੋ ਮੁਹਿੰਮ ਤਹਿਤ ਸਾਰੇ ਪੰਜਾਬ ਵਿੱਚ ਰੈਲੀਆਂ ਕੀਤੀਆਂ ਜਾਣਗੀਆਂ, ਕਰੀਮਪੁਰੀ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com





ਜਗਤਾਰ ਸਿੰਘ ਰੋੜੇਵਾਲ: ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਦਿੜ੍ਹਬਾ ਦੇ ਪਿੰਡ ਬਘਰੌਲ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਦਾ ਜਨਮ ਦਿਨ ਨੂੰ ਸਮਰਪਿਤ "ਪੰਜਾਬ ਸੰਭਾਲੋ" ਕਰਕੇ ਮਨਾਇਆ ਗਿਆ। ਪਿੰਡ ਬਘਰੌਲ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਲਗਾਉਣ ਮੌਕੇ ਹੋਏ ਵਿਰੋਧ ਕਰਨ ਤੇ ਇਹ ਪਿੰਡ ਸੁਰਖੀਆਂ ਵਿੱਚ ਛਾਇਆ ਹੋਇਆ ਹੈ।ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਵੱਲੋਂ ਵੱਡੀ ਗਿਣਤੀ ਵਿੱਚ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਅੰਬੇਡਕਰ ਜੀ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਰੇ ਪੰਜਾਬ ਦੇ ਲੋਕਾਂ ਨੂੰ ਇਸ ਲੋਟੂ ਟੋਲੇ ਦੇ ਖ਼ਿਲਾਫ਼ ਇੱਕ ਜੁੱਟ ਹੋਣ ਦੀ ਲੋੜ ਹੈ। ਬਾਬਾ ਸਾਹਿਬ ਦੇ ਜੀਵਨ ਬਾਰੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਜਾਤੀ ਵਾਦੀ ਵਿਵਸਥਾ ਸਿਸਟਮ ਦੇ ਖਾਤਮੇ ਖਿਲਾਫ ਉਨ੍ਹਾਂ ਲੰਮੀ ਲੜਾਈ ਲੜੀ। ਬਾਬਾ ਸਾਹਿਬ ਨੇ ਸਾਨੂੰ ਬਰਾਬਰ ਦੇ ਹੱਕ ਲੈ ਕੇ ਦਿੱਤੇ ਜਿਸ ਨਾਲ ਦੱਬੇ ਕੁੱਚਲੇ ਲੋਕਾਂ ਉਪਰ ਉੱਠਣ ਲੱਗੇ। ਬਾਬਾ ਸਾਹਿਬ ਸਾਰੇ ਭਾਰਤ ਦੇ ਨਾਇਕਾਂ ਹਨ। ਜਿਹੜੇ ਬਿਨਾਂ ਇੱਕ ਖੂਨ ਦਾ ਤੁਪਕਾ ਡੋਲਿਆਂ ਸੰਵਿਧਾਨਿਕ ਕ੍ਰਾਂਤੀ ਲੈ ਕੇ ਆਏ। ਅੱਜ ਨਸ਼ਾ ਪੰਜਾਬ ਵਿੱਚ ਸਭ ਤੋਂ ਵੱਡੀ ਚੁਣੌਤੀ ਹੈ। ਡਰੱਗ ਮਾਫ਼ੀਆ ਤੇ ਸਰਕਾਰ ਇਸ ਨੂੰ ਮਿਲ ਕੇ ਚਲਾ ਰਹੇ ਹਨ ਪਰ ਬਸਪਾ ਵੱਲੋਂ ਪੰਜਾਬ ਅੰਦਰੋਂ ਨਸ਼ਿਆਂ ਦੇ ਖਾਤਮੇ ਤੇ ਮਾਵਾਂ ਦੇ ਪੁੱਤ ਬਚਾਉਣ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਹੈ। ਬਹੁਜਨ ਸਮਾਜ ਪਾਰਟੀ ਵੱਲੋਂ ਮਾਵਾਂ ਦੇ ਪੁੱਤ ਬਚਾਉਣ ਲਈ ਪੰਜਾਬ ਸੰਭਾਲੋ ਮੁਹਿੰਮ ਸ਼ੁਰੂ ਕੀਤੀ ਗਈ ਹੈ। ਬਹੁਜਨ ਸਮਾਜ ਪਾਰਟੀ 15 ਮਾਰਚ ਨੂੰ ਫਗਵਾੜਾ ਦੀ ਧਰਤੀ ਤੇ ਵੱਡੀ ਰੈਲੀ ਕਰਕੇ ਸੰਕਲਪ ਲੈ ਕੇ ਅੱਗੇ ਵਧੀ ਹੈ ਤਾਂ ਕਿ ਨਸ਼ਿਆਂ ਦੇ ਖਾਤਮੇ ਲਈ ਅਕਾਲੀ, ਭਾਜਪਾ ਤੇ ਕਾਂਗਰਸ ਦੀ ਸਰਕਾਰ ਫੇਲ੍ਹ ਹੋਈ ਤੇ ਤਿੰਨ ਸਾਲਾਂ ਤੋਂ ਆਪ ਦੀ ਸਰਕਾਰ ਵੀ ਫੇਲ੍ਹ ਹੋ ਚੁੱਕੀ ਹੈ। ਪੰਜਾਬ ਚ ਬੇਰੁਜ਼ਗਾਰੀ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਬਸਪਾ ਵੱਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਨੂੰ ਸਾਥ ਦਿਓ ਅਸੀਂ ਨੌਜਵਾਨਾਂ ਨੂੰ ਸੰਭਾਲਾਂਗੇ। ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲੈਕੇ ਆਵਾਂਗੇ। ਅਸੀਂ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਉਹ ਕਨੂੰਨ ਜਿਹੜਾ ਪੰਜਾਬ ਦੇ ਹਰ ਗਰੀਬ ਦੇ ਬੱਚੇ ਲਈ ਮੁਫ਼ਤ ਲਾਜ਼ਮੀ ਸਿੱਖਿਆ ਉਸ ਨੂੰ ਲੈ ਕੇ ਆਵਾਂਗੇ। ਗਰੀਬਾਂ ਦੇ ਬੱਚਿਆਂ ਲਈ ਮਿਆਰੀ ਸਿੱਖਿਆ ਦੇਣ ਦਾ ਪ੍ਰਬੰਧ ਕਰਕੇ ਦੇਵਾਂਗੇ। ਪੰਜਾਬ ਵਿੱਚ ਲਾ ਐਂਡ ਆਰਡਰ ਸਣੇ ਹੋਰ ਮੁੱਦੇ ਤੇ ਸਮੱਸਿਆਵਾਂ ਦਾ ਬਹੁਜਨ ਸਮਾਜ ਪਾਰਟੀ ਹੱਲ ਕਰੇਗੀ। ਇਸ ਮੌਕੇ ਮਿਸ਼ਨਰੀ ਕਲਾਕਾਰ ਬੀਬਾ ਮਨਦੀਪ ਮਨੀ ਮਾਲਵਾ ਨੇ ਬਾਬਾ ਸਾਹਿਬ ਦੇ ਵਿਚਾਰ ਤੇ ਸਮਾਜਿਕ ਤੇ ਮਿਸ਼ਨਰੀ ਗੀਤਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨ ਲਈ ਗੀਤ ਗਾਏ।

ਇਸ ਮੌਕੇ ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਸੂਬਾ ਜਨਰਲ ਸਕੱਤਰ ਬਲਦੇਵ ਸਿੰਘ ਮਹਿਰਾ, ਜੇਗਾ ਸਿੰਘ ਪਨੋਦੀਆਂ ਇੰਚਾਰਜ ਜੋਨ ਪਟਿਆਲਾ, ਚਮਕੌਰ ਸਿੰਘ ਵੀਰ ਸੂਬਾ ਜਨਰਲ ਸਕੱਤਰ, ਡਾਕਟਰ ਮੱਖਣ ਸਿੰਘ ਇੰਚਾਰਜ ਲੋਕ ਸਭਾ ਸੰਗਰੂਰ, ਅਮਰਜੀਤ ਸਿੰਘ ਜਲੂਰ ਇੰਚਾਰਜ ਜੋਨ ਪਟਿਆਲਾ, ਸਤਗੁਰ ਸਿੰਘ ਕੋਹਰੀਆ ਪ੍ਰਧਾਨ ਜ਼ਿਲ੍ਹਾ ਸੰਗਰੂਰ, ਸੂਬੇਦਾਰ ਰਣਧੀਰ ਸਿੰਘ ਨਾਗਰਾ, ਪਵਿੱਤਰ ਸਿੰਘ, ਸਰਬਜੀਤ ਸਿੰਘ, ਜਗਤਾਰ ਸਿੰਘ, ਬਘੇਲ ਸਿੰਘ, ਗੁਰਸੇਵਕ ਸਿੰਘ ਸਰਪੰਚ ਪਿੰਡ ਬਘਰੌਲ, ਮੇਜਰ ਸਿੰਘ ਟਿੱਬੀ ਪ੍ਰਧਾਨ ਪਟਿਆਲਾ,ਗੁਰੀ ਸਮਾਣਾ, ਰੂਪ ਬਠੋਈ ਤੇ ਵੱਡੀ ਗਿਣਤੀ ਪਿੰਡ ਪਿੰਡ ਵਾਸੀਆਂ ਤੇ ਖਾਸ ਕਰਕੇ ਔਰਤਾਂ ਨੇ ਸ਼ਮੂਲੀਅਤ ਕੀਤੀ

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਸੰਗਰੂਰ ਸਮੇਤ 7 ਜ਼ਿਲ੍ਹਿਆਂ ਦੇ ਅਧਿਕਾਰੀਆਂ ਨਾਲ ਕਣਕ ਦੇ ਖਰੀਦ ਪ੍ਰਬੰਧਾਂ ਬਾਰੇ ਸਮੀਖਿਆ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 8 ਅਪ੍ਰੈਲ (ਜਗਸੀਰ ਲੌਂਗੋਵਾਲ)- ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਗਰੂਰ ਜ਼ਿਲ੍ਹੇ ਸਮੇਤ ਪੰਜਾਬ ਦੇ 7 ਜ਼ਿਲ੍ਹਿਆਂ ਵਿੱਚ ਕਣਕ ਦੀ ਖਰੀਦ ਲਈ ਕੀਤੇ ਪ੍ਰਬੰਧਾਂ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਪੱਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਸਮੁੱਚੇ ਸੀਜਨ ਦੌਰਾਨ ਕਿਸੇ ਵੀ ਅਨਾਜ ਮੰਡੀ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਸਮੇਤ ਕਣਕ ਦੇ ਖਰੀਦ ਪ੍ਰਬੰਧਾਂ ਨਾਲ ਜੁੜੇ ਕਿਸੇ ਵੀ ਵਰਗ ਨੂੰ ਕੋਈ ਦਿੱਕਤ ਪੇਸ਼ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਜਿਣਸ ਲੈ ਕੇ ਆਉਣ ਵਾਲੇ ਕਿਸਾਨਾਂ ਦੇ ਸਵਾਗਤ ਲਈ ਪੂਰੀ ਤਰ੍ਹਾਂ ਤਿਆਰ ਹਨ ਅਤੇ ਮੰਡੀਆਂ ਵਿੱਚ ਖਰੀਦ, ਲਿਫਟਿੰਗ, ਬਾਰਦਾਨੇ, ਕਰੇਟਾਂ ਤੇ ਅਦਾਇਗੀ ਸਬੰਧੀ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਮੰਡੀਆਂ ਵਿੱਚ ਕੀਤੇ ਗਏ ਪ੍ਰਬੰਧਾਂ ਜਿਵੇਂ ਪੀਣ ਵਾਲੇ ਪਾਣੀ, ਸਾਫ਼ ਸਫਾਈ, ਰੌਸ਼ਨੀ ਪ੍ਰਬੰਧਾਂ, ਗੁਸਲਖਾਨਿਆਂ ਦੀ ਸਫਾਈ ਆਦਿ ਸਬੰਧੀ ਵਧੀਆ ਫੀਡਬੈਕ ਮਿਲੀ ਹੈ ਅਤੇ ਇਸ ਵਾਰ ਵੀ ਕਣਕ ਦੀ ਖਰੀਦ ਦਾ ਸੀਜ਼ਨ ਸ਼ਾਨਦਾਰ ਰਹੇਗਾ। ਉਨ੍ਹਾਂ ਦੱਸਿਆ ਕਿ ਇਸ ਸਾਲ ਕਣਕ ਦੀ ਬੰਪਰ ਫਸਲ ਹੋਣ ਦੀ ਸੰਭਾਵਨਾ ਹੈ ਅਤੇ 124 ਲੱਖ ਮੀਟਰਿਕ ਟਨ ਕਣਕ ਖਰੀਦਣ ਦਾ ਟੀਚਾ ਮਿਥਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਨੇ 28 ਹਜ਼ਾਰ 894 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ (ਸੀਸੀਐਲ) ਦਾ ਪ੍ਰਬੰਧ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੀਜ਼ਨ ਦੌਰਾਨ ਪੰਜਾਬ ਦੀਆਂ ਮੰਡੀਆਂ ਵਿੱਚ 8 ਲੱਖ ਦੇ ਕਰੀਬ ਕਿਸਾਨ ਆਪਣੀ ਜਿਣਸ ਲੈ ਕੇ ਆਉਣਗੇ ਜਿਸ ਦੇ ਸਨਮੁੱਖ 1864 ਖਰੀਦ ਕੇਂਦਰ ਬਣਾਏ ਗਏ ਹਨ ਅਤੇ ਇਸ ਤੋਂ ਇਲਾਵਾ 600 ਆਰਜ਼ੀ ਮੰਡੀਆਂ ਵੀ ਬਣਾਈਆਂ ਗਈਆਂ ਹਨ ਜਿਨ੍ਹਾਂ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਵਿਸਾਖੀ ਨੇੜੇ ਭਰਪੂਰ ਫਸਲ ਆਉਣੀ ਸ਼ੁਰੂ ਹੋ ਜਾਵੇਗੀ ਅਤੇ ਮੰਡੀਆਂ ਵਿੱਚ ਆਉਣ ਵਾਲੇ ਕਣਕ ਦੇ ਹਰੇਕ ਦਾਣੇ ਦੀ ਖਰੀਦ ਨੂੰ ਯਕੀਨੀ ਬਣਾਉਣ ਅਤੇ 24 ਘੰਟਿਆਂ ਅੰਦਰ ਅਦਾਇਗੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸੰਗਰੂਰ, ਬਠਿੰਡਾ, ਮਾਨਸਾ, ਮਲੇਰਕੋਟਲਾ, ਫਤਿਹਗੜ੍ਹ ਸਾਹਿਬ, ਮੁਕਤਸਰ ਸਾਹਿਬ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰਾਂ, ਫੂਡ ਸਪਲਾਈ ਅਫ਼ਸਰਾਂ, ਸਰਕਾਰੀ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਕਿਸੇ ਠੋਸ ਕਾਰਨ ਤੋਂ ਛੁੱਟੀ ਨਹੀਂ ਲੈਣਗੇ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀਆਂ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ, ਐਸ.ਪੀ ਨਵਰੀਤ ਸਿੰਘ ਵਿਰਕ, ਐਸ.ਡੀ.ਐਮ ਚਰਨਜੋਤ ਸਿੰਘ ਵਾਲੀਆ, ਡਿਪਟੀ ਡਾਇਰੈਕਟਰ ਫੂਡ ਤੇ ਸਿਵਲ ਸਪਲਾਈ ਪਟਿਆਲਾ, ਫਰੀਦਕੋਟ ਤੇ ਫਿਰੋਜ਼ਪੁਰ ਡਵੀਜ਼ਨ ਵੀ ਹਾਜ਼ਰ ਸਨ।

# ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪਿੰਡ ਕਿੱਲਿਆਂਵਾਲੀ ਵਿਖੇ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਅਧੀਨ ਕੰਮਾਂ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਲੰਬੀ, 07 ਅਪ੍ਰੈਲ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ ਸਹੂਲਤਾਂ ਨੂੰ ਆਧੁਨਿਕ ਤਰੀਕੇ ਨਾਲ ਲਾਗੂ ਕਰਨ ਦੇ ਮੰਤਵ ਨਾਲ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਲੰਬੀ ਦੇ ਪਿੰਡ ਕਿਲਿਆਂਵਾਲੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੰਮਾਂ ਦੀ ਸ਼ੁਰੂਆਤ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਕੀਤਾ ਗਿਆ, ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਜਸਪਾਲ ਮੋਂਗਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਰਾਜਿੰਦਰ ਕੁਮਾਰ ਸੋਨੀ ਹਾਜ਼ਰ ਰਹੇ।

ਇਸ ਮੌਕੇ ਬੋਲਦਿਆਂ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਨੂੰ ਸਿੱਖਿਆ ਕ੍ਰਾਂਤੀ ਵੱਲ ਲੈ ਕੇ ਜਾ ਰਹੇ ਹਾਂ। ਪੰਜਾਬ ਸਰਕਾਰ ਵੱਲੋਂ ਲਗਾਤਰ ਸਿੱਖਿਆ ਖੇਤਰ ਵਿੱਚ ਵਾਧਾ ਕਰਦਿਆਂ ਉੱਚ ਕੋਟੀ ਦੇ ਕੰਮ ਕਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਲਗਾਤਾਰ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਫੰਡਾਂ ਦੀ ਸਹਾਇਤਾ ਨਾਲ ਸਕੂਲਾਂ ਵਿੱਚ ਨਵੇਂ ਸਮਾਰਟ ਕਲਾਸ ਰੂਮਜ਼, ਲੈਬਸ, ਲਾਇਬ੍ਰੇਰੀ, ਬਾਥਰੂਮ, ਚਾਰ ਦੀਵਾਰੀ, ਆਧੁਨਿਕ ਫਰਨੀਚਰ ਆਦਿ ਸਹੂਲਤਾਂ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਸਕੂਲਾਂ ਵਿੱਚ ਚਾਰ ਦੀਵਾਰੀ ਹੋਣ ਨਾਲ ਵਿਦਿਆਰਥੀ ਸਕੂਲਾਂ ਵਿੱਚ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ।

ਇਸ ਮੌਕੇ ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਬੱਚਿਆਂ ਵਿੱਚ ਆਤਮ ਵਿਸ਼ਵਾਸ਼ ਵਿੱਚ ਵਾਧਾ ਕੀਤਾ ਜਾਵੇ, ਜਿਸ ਨਾਲ ਉਹ ਪੜ੍ਹਾਈ ਦੇ ਨਾਲ-ਨਾਲ ਹੋਰ ਹੁਨਰ ਗਿਆਨ ਨੂੰ ਸਿੱਖ ਲੈਣ ਅਤੇ ਅੱਗੇ ਨੌਕਰੀਆਂ ਪ੍ਰਾਪਤ ਕਰਨ ਸਮੇਂ ਉਨ੍ਹਾਂ ਵਿੱਚ ਆਤਮ ਵਿਸ਼ਵਾਸ਼ ਦੀ ਕੋਈ ਕਮੀ ਨਾ ਰਹੇ ਅਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਆਪਣਾ ਮਾਪਿਆਂ ਦਾ ਅਤੇ ਆਪਣੇ ਸਕੂਲ ਦਾ ਨਾਂ ਰੋਸ਼ਣ ਕਰਨ।

ਇਸ ਮੌਕੇ ਸਕੂਲ ਇੰਚਾਰਜ ਸਵਰਨ ਸਿੰਘ ਅਤੇ ਸਮੂਹ ਸਟਾਫ਼ ਤੋਂ ਇਲਾਵਾ ਪਤਵੰਤੇ ਵਿਅਕਤੀ ਹਾਜ਼ਰ ਸਨ।

# ਰਿਸ਼ਤਾ ਦਰਾਣੀ ਜੇਠਾਣੀ ਦਾ...

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਜਨਮ ਤੋਂ ਹੀ ਹਰ ਇਨਸਾਨ ਦਾ ਕੋਈ ਨਾ ਕੋਈ ਰਿਸ਼ਤਾ ਜੁੜਨਾ ਸ਼ੁਰੂ ਹੋ ਜਾਂਦਾ ਹੈ। ਜਿਵੇਂ ਜਿਵੇਂ ਉਹ ਉਮਰ ਦੀਆਂ ਪੁਲਾਂਘਾਂ ਪੁੱਟਦਾ ਜਾਂਦਾ ਹੈ, ਉਸਦੇ ਰਿਸ਼ਤੇ ਵਧਦੇ ਹੀ ਜਾਂਦੇ ਹਨ। ਵਿਆਹ ਦੇ ਬੰਧਨ ਵਿੱਚ ਬੱਝਣ ਤੋਂ ਬਾਅਦ ਤਾਂ ਉਸ ਰਿਸ਼ਤੇ ਕਈ ਰੂਪਾਂ ਵਿੱਚ ਬਣਦੇ ਜਾਂਦੇ ਹਨ ।ਖਾਸ ਕਰਕੇ ਇੱਕ ਕੁੜੀ ਦੇ ਵਿਆਹ ਤੋਂ ਬਾਅਦ ਅਨੇਕਾਂ ਰਿਸ਼ਤੇ ਬਣਦੇ ਹਨ। ਜਿਵੇਂ- ਨੂੰਹ ,ਭਰਜਾਈ , ਦਰਾਣੀ ,ਜੇਠਾਣੀ ਆਦਿ ।

ਅਸੀਂ ਇਸ ਲੇਖ ਵਿੱਚ ਦਰਾਣੀ ਜੇਠਾਣੀ ਦੇ ਰਿਸ਼ਤੇ ਬਾਰੇ ਗੱਲ ਕਰਾਂਗੇ। ਦਰਾਣੀ ਜੇਠਾਣੀ ਦਾ ਰਿਸ਼ਤਾ ਬਹੁਤ ਹੀ ਪਿਆਰਾ ਰਿਸ਼ਤਾ ਹੈ ।ਇਸ ਰਿਸ਼ਤੇ ਵਿੱਚ ਸਮਾਨਤਾ ਇਹ ਹੈ ਕਿ ਇਹ ਦੋਵਾਂ ਧਿਰਾਂ ਦਾ ਸੰਬੰਧ ਇਕੋ ਜਿਹੇ ਪਿਛੋਕੜ ਨਾਲ ਹੁੰਦਾ ਹੈ। ਕਿਉਂਕਿ ਦੋਵਾਂ ਨੂੰ ਹੀ ਆਪਣੇ ਸਹੁਰੇ ਪਰਿਵਾਰ ਵਿੱਚ ਆਪਣੇ ਪੇਕਿਆਂ ਨੂੰ ਛੱਡ ਕੇ ਆਉਣਾ ਹੁੰਦਾ ਹੈ । ਜੇਠਾਣੀ ਜੋ ਪਹਿਲਾਂ ਤੋਂ ਹੀ ਸਹੁਰੇ ਪਰਿਵਾਰ ਵਿੱਚ ਵਸ ਰਹੀ ਹੁੰਦੀ ਹੈ ਅਤੇ ਸਹੁਰੇ ਪਰਿਵਾਰ ਦੀਆਂ ਚੰਗੀਆਂ ਮਾੜੀਆਂ ਆਦਤਾਂ ਤੋਂ ਚੰਗੀ ਤਰਾਂ ਵਾਕਿਫ਼ ਹੁੰਦੀ ਹੈ ।ਫਿਰ ਜਦੋਂ ਉਸ ਦੀ ਦਰਾਣੀ ਵਿਆਹ ਉਪਰੰਤ ਘਰ ਆਉਂਦੀ ਹੈ ਤਾਂ ਉਸਦਾ ਫਰਜ਼ ਹੈ ਕਿ ਉਹ ਆਪਣੇ ਸਹੁਰੇ ਪਰਿਵਾਰ ਦੇ ਜੀਆਂ ਬਾਰੇ ਉਸ ਨੂੰ ਚੰਗਾ ਅਤੇ ਸਕਾਰਾਤਮਕ ਗੁਣਾਂ ਤੋਂ ਜਾਣੂ ਕਰਵਾਏ ਤਾਂ ਜੋ ਉਹ ਉਨਾਂ ਦੇ ਸੁਭਾਅ ਅਤੇ ਉਮੀਦਾਂ ਮੁਤਾਬਕ ਪੂਰੀ ਤਰਾਂ ਉਤਰਨ ਵਿੱਚ ਸਫਲ ਹੋਵੇ।

ਇਹ ਆਮ ਦੇਖਿਆ ਜਾਂਦਾ ਹੈ ਕਿ ਅੱਜ ਕੱਲ ਇਕਹਿਰੇ ਪਰਿਵਾਰਾਂ ਦਾ ਵਧੇਰੇ ਰੁਝਾਨ ਹੋ ਚੁੱਕਾ ਹੈ ।ਛੋਟੇ ਪਰਿਵਾਰ ਹੋਣ ਕਾਰਨ ਬਹੁਤੇ ਘਰਾਂ ਵਿੱਚ ਦਰਾਣੀ ਜੇਠਾਣੀ ਦਾ ਰਿਸ਼ਤਾ ਹੁੰਦਾ ਹੀ ਨਹੀਂ ਹੈ ।ਜਿਸ ਨਾਲ ਇਸ ਰਿਸ਼ਤੇ ਦੀ ਮਿਠਾਸ ਅਤੇ ਅਹਿਮੀਅਤ ਦਾ ਪਤਾ ਹੀ ਨਹੀਂ ਚੱਲ ਸਕਦਾ। ਜੇਕਰ ਅਸੀਂ ਇੱਕ ਦਹਾਕੇ ਪਹਿਲਾਂ ਝਾਤ ਮਾਰੀਏ ਤਾਂ ਬਹੁਤੇ ਪਰਿਵਾਰਾਂ ਵਿੱਚ ਦਰਾਣੀ ਜੇਠਾਣੀ ਦਾ ਰਿਸ਼ਤਾ ਬਣਨਾ ਤੈਅ ਹੁੰਦਾ ਸੀ ।ਕਿਉਂਕਿ ਪਰਿਵਾਰ ਵਿੱਚ ਦੋ ਤੋਂ ਵੱਧ ਭਰਾਵਾਂ ਦੇ ਹੋਣ ਕਾਰਨ ਦਰਾਣੀ ਜੇਠਾਣੀ ਦਾ ਰਿਸ਼ਤਾ ਆਮ ਹੀ ਸੀ ।ਇਹ ਪਰਿਵਾਰ ਇਕੱਠੇ ਹੀ ਰਹਿਣ ਵਿੱਚ ਵਿਸ਼ਵਾਸ ਰੱਖਦੇ ਸਨ। ਸਾਰੇ ਇੱਕ ਦੂਜੇ ਨਾਲ ਮਿਲ ਜੁਲ ਕੇ ਰਹਿੰਦੇ ਅਤੇ ਬੱਚਿਆਂ ਦਾ ਪਾਲਣ ਪੋਸ਼ਣ ਵੀ ਕਰਦੇ ਸਨ ।ਬੱਚੇ ਵੀ ਆਪਣੇ ਤਾਈ ਚਾਚੀ ਦੇ ਰਿਸ਼ਤੇ ਬਾਖੂਬੀ ਸਮਝ ਜਾਂਦੇ ਸਨ।

ਸਮੇਂ ਦੇ ਬਦਲਾਅ ਨਾਲ ਹੁਣ ਰਿਸ਼ਤਾ ਖਤਮ ਹੁੰਦਾ ਜਾ ਰਿਹਾ। ਕਿਉਂਕਿ ਸੀਮਤ ਪਰਿਵਾਰ ਹੋਣ ਕਾਰਨ ਇਹ ਰਿਸ਼ਤਾ ਬਣ ਹੀ ਨਹੀਂ ਪਾਉਂਦਾ ।ਪਰ ਇਸ ਰਿਸ਼ਤੇ ਨੂੰ ਬਣਾਈ ਰੱਖਣ ਲਈ ਅਸੀਂ ਆਪਣੇ ਦੂਰ ਦੇ ਰਿਸ਼ਤਿਆਂ ਵਿੱਚ ਇਸ ਨੂੰ ਬਣਾਈ ਰੱਖਣ ਦੀ ਤਰਜੀਹ ਦੇਣੀ ਚਾਹੀਦੀ ਹੈ ।

ਦਰਾਣੀ ਜੇਠਾਣੀ ਦੇ ਰਿਸ਼ਤੇ ਨੂੰ ਦਰਸਾਉਂਦੀਆਂ ਅਨੇਕਾਂ ਬੋਲੀਆਂ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਵੀ ਹਨ ਜਿਵੇਂ -ਮਧਾਣੀਆਂ, ਮਧਾਣੀਆਂ ਮਧਾਣੀਆਂ

ਨੀ ਪੇਕੇ ਦੋਵੇਂ ਭੈਣਾਂ ਨੱਚੀਆਂ
ਸਹੁਰੇ ਨੱਚੀਆਂ ਦਰਾਣੀਆਂ
ਜੇਠਾਣੀਆਂ ...।

ਇਸ ਰਿਸ਼ਤੇ ਨੂੰ ਭੈਣਾਂ ਜਿਹਾ ਰਿਸ਼ਤਾ ਮੰਨਿਆ ਜਾਂਦਾ ਹੈ। ਜੇਕਰ ਜੇਠਾਣੀ ਆਪਣੀ ਦਰਾਣੀ ਨੂੰ ਛੋਟੀ ਭੈਣ ਸਮਝਦੀ ਹੈ ਤਾਂ ਦਰਾਣੀ ਨੂੰ ਵੀ ਆਪਣੀ ਜੇਠਾਣੀ ਨੂੰ ਤਜਰਬੇ ਅਤੇ ਮੱਤ ਨੂੰ ਅਪਣਾ ਕੇ ਸਤਿਕਾਰ ਅਤੇ ਮਾਣ ਦੇਣਾ ਚਾਹੀਦਾ ਹੈ। ਦੋਵੇਂ ਆਪਸੀ ਸਮਝ ਨਾਲ ਸਹੁਰੇ ਪਰਿਵਾਰ ਵਿੱਚ ਇੱਕ ਵਧੀਆ ਗ੍ਰਹਿਸਤ ਜੀਵਨ ਜਾਂਚ ਸਿੱਖ ਕੇ ਮਿਸਾਲ ਤਿਆਰ ਕਰ ਸਕਦੀਆਂ ਹਨ।

ਇਸ ਰਿਸ਼ਤੇ ਵਿੱਚ ਕਈ ਵਾਰ ਖੂਬ ਹਾਸਾ ਮਜ਼ਾਕ ਵੀ ਹੁੰਦਾ ਰਹਿੰਦਾ ਹੈ ।ਉਹ ਇੱਕ ਦੂਜੇ ਦੇ ਪਤੀ ਤੇ ਟਿੱਕਾ ਟਿੱਪਣੀ ਕਰਦੀਆਂ ਰਹਿੰਦੀਆਂ ਹਨ । ਜਿਵੇਂ

ਇੱਕ ਬੋਲੀ... ਛੋਲੇ ਛੋਲੇ ,ਛੋਲੇ
ਨੀ ਇਹ ਵੀ ਦੁੱਖ ਮੇਰੀ ਜਾਨ ਨੂੰ
ਮੇਰਾ ਜੇਠ ਨਾ ਜੇਠਾਣੀ ਨਾਲੇ
ਬੋਲੇ.....
ਇੱਕ ਹੋਰ....
ਜੇਠ ਤਾਂ ਚਲਿਆ ਨੌਕਰੀ,
ਜੇਠਾਣੀ ਦਾ ਮੂੰਹ ਬੱਗਾ,
ਜੇਠਾਣੀਏ ਥਾਲੀ ਵਿੱਚ ਭੂਬਕਾ
ਵੱਜਾ....
ਜੇਠ ਤਾਂ ਚੱਲਿਆ ਨੌਕਰੀ
ਜੇਠਾਣੀ ਦਾ ਮੂੰਹ ਬੱਗਾ ..
ਜੇਠਾਣੀਏ ਭੂਬਕੇ ਦਾ ਹੁਣ ਪਤਾ
ਲੱਗਾ.....।

ਜੇਕਰ ਦੋਵੇਂ ਦਰਾਣੀ ਜੇਠਾਣੀ ਘਰੇਲੂ ਹਨ ਤਾਂ ਵੀ ਉਹ ਘਰ ਦੇ ਕੰਮਾਂ ਨੂੰ ਸਾਂਝੇ ਤੌਰ ਤੇ ਕਰਨ ਲਈ ਤਿਆਰ ਹੋਣ । ਜੇਕਰ ਉਹਨਾਂ ਵਿੱਚੋਂ ਇੱਕ ਕੰਮ ਕਾਜੀ ਭਾਵ ਨੌਕਰੀ ਪੇਸ਼ੇ ਵਾਲੀ ਹੈ ਤਾਂ ਉਹ ਵੀ ਸੁਵਿਧਾ ਅਨੁਸਾਰ ਘਰਦੇ ਕੰਮਾਂ ਨੂੰ ਵੰਡ ਕੇ ਕਰੇ। ਤਾਂ ਜੋ ਘਰ ਵਿੱਚ ਰਹਿਣ ਵਾਲੀ ਨੂੰ ਜ਼ਿਆਦਾ ਬੋਝ ਨਾ ਲੱਗੇ। ਇੱਕ ਦੂਜੇ ਦੀਆਂ ਲੋੜਾਂ ਅਤੇ ਖਵਾਇਸ਼ਾਂ ਨੂੰ ਦੇਖਦੇ ਹੋਏ ਸਮੇਂ ਸਮੇਂ ਤੇ ਪੂਰਤੀ ਵੀ ਕਰਨ। ਜਿਸ ਨਾਲ ਆਪਸੀ ਪਿਆਰ ਅਤੇ ਸਨੇਹ ਬਰਕਰਾਰ ਰਹੇਗਾ ਅਤੇ ਉਹ ਆਪਸੀ ਹੀਣ ਭਾਵਨਾ ਤੋਂ ਵੀ ਦੂਰ ਰਹਿਣਗੀਆਂ। ਜੇਕਰ ਦੋਵੇਂ ਪਿਆਰ ਅਤੇ ਇਤਫ਼ਾਕ ਰਹਿੰਦੀਆਂ ਹਨ ਤਾਂ ਉਹਨਾਂ ਅੰਦਰ ਆਪਣੇ ਸਹੁਰੇ ਪਰਿਵਾਰ ਵਿੱਚ ਹਰ ਦੁੱਖ -ਸੁੱਖ ਨੂੰ ਸਾਂਝੇ ਤੌਰ ਤੇ ਸਹਿਣ ਦੀ ਸਮਰੱਥਾ ਵੀ ਵਧੇਗੀ।

ਸੋ ਇਸ ਰਿਸ਼ਤੇ ਨੂੰ ਪਿਆਰ ਅਤੇ ਸਤਿਕਾਰ ਨਾਲ ਨਿਭਾਉਣ ਨਾਲ ਜਿੱਥੇ ਸਾਡੇ ਸਮਾਜ ਨੂੰ ਮਿਲਵਰਤਣ ਦਾ ਇੱਕ ਚੰਗਾ ਸੁਨੇਹਾ ਮਿਲਦਾ ਹੈ ਉਥੇ ਸਾਡੇ ਸਭਿਆਚਾਰ ਦੀ ਵਿਲੱਖਣਤਾ ਤੇ ਅਮੀਰੀ ਵੀ ਕਾਇਮ ਰਹਿ ਸਕਦੀ ਹੈ।

ਛੱਡ ਦੇ ਸ਼ਰੀਕਾ ਗੱਲਾਂ ਛੱਡੀਆਂ
ਪੁਰਾਣੀਆਂ ,...।
ਭੈਣਾਂ ਵਾਂਗੂੰ ਰਹਿੰਦੀਆਂ
ਦਰਾਣੀਆਂ ਜੇਠਾਣੀਆਂ...।



ਹਰਜਿੰਦਰ ਕੌਰ
9464288784

# ‘ਜਨ ਸਵਾਸਥਿਆ ਅਭਿਆਨ ਭਾਰਤ’’ ਨੇ ਸਾਰਿਆਂ ਲਈ ਸਿਹਤ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਜਾਗਰੁਕਤਾ ਅਭਿਆਨ

## ਐਸ ਡੀ ਐਮ ਨੰਗਲ ਦੁਆਰਾ ਮੁੱਖ ਮੰਤਰੀ ਪੰਜਾਬ ਅਤੇ ਸਿਹਤ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਦਿਤਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com





ਵਿਸ਼ਵ ਸਿਹਤ ਦਿਵਸ 2025 ‘‘ਸਿਹਤਮੰਦ ਸ਼ੁਰੂਆਤ, ਉਮੀਦ ਵਾਲਾ ਭਵਿੱਖ’’ ਨੂੰ ਮਨਾਉਣ ਲਈ ‘‘ਜਨ ਸਵਾਸਥਿਆ ਅਭਿਆਨ ਭਾਰਤ’’ ਨੇ 20 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 125 ਤੋਂ ਵੱਧ ਜ਼ਿਲ੍ਹਿਆਂ ਤੋਂ ਸਾਰਿਆਂ ਲਈ ਸਿਹਤ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਇੱਕ ਸਮੂਹਿਕ ਆਵਾਜ਼ ਬੁਲੰਦ ਕੀਤੀ। ਇਸ ਲਈ ਕਨਵੀਨਰ ਅਤੇ ਸਕੱਤਰੇਤ ਟੀਮ ਅਮਿਤਾਵ ਗੁਹਾ, ਚੰਦਰਕਾਂਤ ਯਾਦਵ, ਰਾਹੀ ਰਿਆਜ਼, ਮਹਿਜਬੀਨ ਭੱਟ, ਐਸ.ਆਰ. ਆਜ਼ਾਦ, ਗੌਰੰਗਾ ਮਹਾਪਾਤਰਾ, ਸੰਜੀਵ ਸਿਨਹਾ, ਅਮੁਲਿਆ ਨਿਧੀ ਅਤੇ ਮਾਹਿਰਾਂ ਦਾ ਸਲਾਹਕਾਰ ਸਮੂਹ ਰਿਤੂ ਪ੍ਰਿਆ, ਜਗਦੀਸ਼ ਪਟੇਲ, ਵੀਨਾ ਸ਼ਤਰੂਗਨਾ, ਪ੍ਰਬੀਰ ਚੈਟਰਜੀ, ਪ੍ਰਫੁੱਲ ਸਮੰਤਰਾ, ਰਾਜਕੁਮਾਰ ਸਿਨਹਾ ਆਦਿ ਨੇ ਅਗਵਾਈ ਕੀਤੀ। ਇਸ ਮੌਕੇ ਮੰਗ ਪੱਤਰ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਅਤੇ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀਆਂ, ਸਿਹਤ ਮੰਤਰੀਆਂ ਨੂੰ ਭੇਜਿਆ ਗਿਆ। ਇਸ ਸਬੰਧੀ ਜਨ ਸਵਾਸਥਿਆ ਅਭਿਆਨ ਪੰਜਾਬ ਦੇ ਕਨਵੀਨਰ ਕੁਲਦੀਪ ਚੰਦ ਦੀ ਅਗਵਾਈ ਵਿੱਚ ਅਰਪਨ ਸੋਸਾਇਟੀ ਨਾਲ ਮਿਲਕੇ ਨੰਗਲ ਵਿੱਚ ਵੀ ਵਿਸ਼ਵ ਸਿਹਤ ਦਿਵਸ ਸਬੰਧੀ ਜਾਗਰੁਕਤਾ ਪ੍ਰੋਗਰਾਮ ਕਰਵਾਇਆ ਗਿਆ ਅਤੇ ਮੌਜੂਦਾ ਸਿਹਤ ਸਮੱਸਿਆਵਾਂ, ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਚੁਣੌਤੀਆਂ ਤੇ ਚਰਚਾ ਕੀਤੀ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸੁਝਾਅ ਲਏ ਗਏ। ਇਸ ਮੌਕੇ ਮਧੂ ਮਾਲਾ, ਪੂਨਮ, ਮੰਨਤ, ਅੰਜਲੀ, ਚਿਤਰਾਕਸ਼ੀ, ਨੀਨਾ, ਨੇਹਾ, ਅਨੁਰਾਧਾ, ਜਲਸਾ, ਪੂਨਮ ਕੁਮਾਰੀ, ਪੂਜਾ, ਕੋਮਲ, ਰਸ਼ਮੀ, ਪੂਨਮ, ਮੰਨਤ, ਦੀਪਿਕਾ, ਸ਼ਵੇਤਾ, ਮਮਤਾ, ਨਿਹਾਰਿਕਾ, ਰਜਨੀ, ਮੋਨਿਕਾ, ਅੰਜਲੀ, ਚਿਤਰਾਕਸ਼ੀ, ਰੀਨਾ ਰਾਣੀ, ਰਿੰਕੂ, ਪੂਜਾ, ਕੰਚਨ, ਰੀਨਾ ਕੁਮਾਰੀ, ਸ਼ਵੇਤਾ, ਰੀਨਾ, ਰਮਾ, ਆਦਿ ਹਾਜ਼ਰ ਸਨ। ਇਸ ਮੌਕੇ ਐਸ ਡੀ ਐਮ ਦਫਤਰ ਨੰਗਲ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾਕਟਰ ਬਲਬੀਰ ਸਿੰਘ ਦੇ ਨਾਮ ਇੱਕ ਮੰਗ ਪੱਤਰ ਭੇਜਿਆ ਗਿਆ। ਕੁਲਦੀਪ ਚੰਦ ਨੇ ਦੱਸਿਆ ਕਿ ਸਰਕਾਰ ਸਿਹਤ ਸੇਵਾਵਾਂ ਨੂੰ ਨਿੱਜੀ ਸੰਸਥਾਵਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਇਸਦਾ ਮੈਡੀਕਲ ਡਾਕਟਰਾਂ ਅਤੇ ਸਿਹਤ ਸੰਭਾਲ ਪ੍ਰਦਾਤਾ ਸਮੂਹ, ਸਮਾਜਿਕ ਸੰਗਠਨਾਂ ਅਤੇ ਨਾਗਰਿਕਾਂ ਦੁਆਰਾ ਵੀ ਵਿਰੋਧ ਕੀਤਾ ਜਾ ਰਿਹਾ ਹੈ। ਸਿਹਤ ਸੰਭਾਲ ਪ੍ਰਣਾਲੀ ਨੂੰ ਲੋਕ-ਮੁਖੀ ਅਤੇ ਮਜ਼ਬੂਤ ਬਣਾਉਣ ਅਤੇ ਸਰਕਾਰੀ ਸਿਹਤ ਪ੍ਰਣਾਲੀ ਨੂੰ ਬਚਾਉਣ ਲਈ ਜਨ ਸਿਹਤ ਅਭਿਆਨ ਭਾਰਤ ਨੇ ਸਿਹਤ ਅਧਿਕਾਰ ਐਕਟ ਦੀ ਮੰਗ ਉਠਾਈ। ਇਸ ਮੌਕੇ ਮੰਗ ਕੀਤੀ ਕਿ ਸਿਹਤ ਅਤੇ ਸਿਹਤ ਸੰਭਾਲ ਸੇਵਾਵਾਂ ਵਿੱਚ ਨਿੱਜੀਕਰਨ ਬੰਦ ਕੀਤਾ ਜਾਵੇ, ਜਨਤਕ ਸਹੂਲਤਾਂ ਲਈ ਸਾਰੀਆਂ ਦਵਾਈਆਂ ਮੁਫਤ ਹੋਣੀਆਂ ਚਾਹੀਦੀਆਂ ਹਨ ਅਤੇ ਜੀਵਨ ਰੱਖਿਅਕ ਅਤੇ ਜ਼ਰੂਰੀ ਦਵਾਈਆਂ ਤੇ ਕੋਈ ਟੈਕਸ ਨਹੀਂ ਹੋਣਾ ਚਾਹੀਦਾ ਹੈ, ਸਿਹਤ ਅਧਿਕਾਰ ਕਾਨੂੰਨ ਲਾਗੂ ਕੀਤਾ ਜਾਵੇ, ਜੀਡੀਪੀ ਦੇ ਘੱਟੋ- ਘੱਟ 2.5% ਫੰਡ ਵਧਾਕੇ ਜਨਤਕ ਸਿਹਤ ਖੇਤਰ ਨੂੰ ਮਜ਼ਬੂਤ ਕੀਤਾ ਜਾਵੇ, ਵਿਕੇਂਦਰੀਕ੍ਰਿਤ ਸਿਹਤ ਸੰਭਾਲ ਸ਼ਾਸਨ ਪ੍ਰਣਾਲੀ ਨੂੰ ਯਕੀਨੀ ਬਣਾਇਆ ਜਾਵੇ, ਆਸ਼ਾ ਵਰਕਰਾਂ, ਏਐਨਐਮਜ਼, ਪੀਐਚਐਨ ਆਦਿ ਲਈ ਬਿਹਤਰ ਸੰਖਿਆਵਾਂ ਅਤੇ ਕੰਮ ਕਰਨ ਦੀਆਂ ਸਥਿਤੀਆਂ ਦੇ ਨਾਲ ਕਮਿਊਨਿਟੀ ਪੱਧਰ ਦੀਆਂ ਸੇਵਾਵਾਂ ਸਮੇਤ ਜਨਤਕ ਸਿਹਤ ਖੇਤਰ ਨੂੰ ਮਜ਼ਬੂਤ ਅਤੇ ਵਿਸਤਾਰਿਤ ਕੀਤਾ ਜਾਵੇ, ਕਲੀਨਿਕਲ ਸਥਾਪਨਾ ਐਕਟ ਨੂੰ ਵਿਆਪਕ ਤੌਰ ਤੇ ਲਾਗੂ ਕੀਤਾ ਜਾਵੇ, ਨਿੱਜੀ ਸਿਹਤ ਖੇਤਰ ਵਿੱਚ ਮਿਆਰੀ ਇਲਾਜ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕੀਤਾ ਜਾਵੇ, ਸਿਹਤ ਦੇ ਮੁੱਖ ਨਿਰਧਾਰਕਾਂ ਵਜੋਂ ਖੁਰਾਕ ਸੁਰੱਖਿਆ, ਸੁਰੱਖਿਅਤ ਪੀਣ ਵਾਲਾ ਪਾਣੀ, ਰੁਜ਼ਗਾਰ, ਸੁਰੱਖਿਅਤ ਵਾਤਾਵਰਣ, ਔਰਤਾਂ ਦੀ ਸੁਰੱਖਿਆ, ਸੁਰੱਖਿਅਤ ਕੰਮ ਕਰਨ ਵਾਲਾ ਵਾਤਾਵਰਣ ਆਦਿ ਨੂੰ ਯਕੀਨੀ ਬਣਾਇਆ ਜਾਵੇ, ਸਿਹਤ ਕਾਮਿਆਂ ਲਈ ਸਾਰੇ ਖੇਤਰਾਂ ਵਿੱਚ ਕਿੱਤਾਮੁਖੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਸ ਲਈ ਕਾਨੂੰਨਾਂ, ਨਿਯਮਾਂ ਅਤੇ ਨੀਤੀਆਂ ਨੂੰ ਲਾਗੂ ਕੀਤਾ ਜਾਵੇ, ਨੀਤੀਆਂ ਵਿੱਚ ਸਿਹਤ ਨੂੰ ਸ਼ਾਮਲ ਕਰਨਾ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਡਿਜੀਟਲ ਰਿਕਾਰਡ ਦੀ ਘਾਟ ਸਮੇਤ ਵਿਤਕਰੇ ਨੂੰ ਬੰਦ ਕੀਤਾ ਜਾਵੇ ਆਦਿ ਸ਼ਾਮਲ ਹਨ।

# ਡੀਐਮਸੀ ਐਂਡ ਐਚ ਨੇ ਵਿਸ਼ਵ ਸਿਹਤ ਦਿਵਸ ਕੁਇਜ਼ ਮੁਕਾਬਲਾ ਆਯੋਜਿਤ ਕੀਤਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com





ਲੁਧਿਆਣਾ (ਗੁਰਦੀਪ ਸਿੰਘ) ਵਿਸ਼ਵ ਸਿਹਤ ਦਿਵਸ 2025 ਦੇ ਮੌਕੇ ‘ਤੇ, ਕਮਿਊਨਿਟੀ ਮੈਡੀਸਨ ਵਿਭਾਗ, ਡੀਐਮਸੀ ਐਂਡ ਐੱਚ ਨੇ 2021 ਤੋਂ 2024 ਬੈਚਾਂ ਦੇ ਐਮਬੀਬੀਐਸ ਵਿਦਿਆਰਥੀਆਂ ਲਈ ਇੱਕ ਦਿਲਚਸਪ ਅਤੇ ਸੂਝਵਾਨ ਵਿਸ਼ਵ ਸਿਹਤ ਦਿਵਸ ਕੁਇਜ਼ ਦਾ ਆਯੋਜਨ ਕੀਤਾ।ਇਸ ਮੌਕੇ ‘ਤੇ, ਡਾ. ਅਨੁਰਾਗ ਚੌਧਰੀ, ਪ੍ਰੋਫੈਸਰ ਅਤੇ ਮੁਖੀ, ਕਮਿਊਨਿਟੀ ਮੈਡੀਸਨ ਵਿਭਾਗ, ਨੇ ਵਿਸ਼ਵ ਸਿਹਤ ਦਿਵਸ 2025 ਦੇ ਥੀਮ ਨੂੰ “ਸਿਹਤਮੰਦ ਸ਼ੁਰੂਆਤ ਅਤੇ ਉਮੀਦ ਭਰਿਆ ਭਵਿੱਖ” ਵਜੋਂ ਉਜਾਗਰ ਕੀਤਾ ਅਤੇ ਜ਼ੋਰ ਦਿੱਤਾ ਕਿ ਇਹ ਥੀਮ ਸਰਕਾਰਾਂ ਅਤੇ ਸਿਹਤ ਭਾਈਚਾਰੇ ਨੂੰ ਰੋਕਥਾਮਯੋਗ ਮਾਵਾਂ ਅਤੇ ਨਵਜੰਮੇ ਬੱਚਿਆਂ ਦੀਆਂ ਮੌਤਾਂ ਨੂੰ ਖਤਮ ਕਰਨ ਲਈ ਯਤਨ ਤੇਜ਼ ਕਰਨ ਅਤੇ ਔਰਤਾਂ ਦੀ ਲੰਬੇ ਸਮੇਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕਰੇਗਾ। ਡੀਐਮਸੀ ਐਂਡ ਐੱਚ ਮੈਨੇਜਿੰਗ ਸੋਸਾਇਟੀ ਦੇ ਸਕੱਤਰ ਸ਼੍ਰੀ ਬਿਪਿਨ ਗੁਪਤਾ ਅਤੇ ਡੀਐਮਸੀ ਐਂਡ ਐੱਚ ਦੇ ਪ੍ਰਿੰਸੀਪਲ ਡਾ. ਜੀ.ਐਸ. ਵਾਂਡਰ ਨੇ ਵਿਭਾਗ ਨੂੰ ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਅਤੇ ਗੰਭੀਰ ਸਿਹਤ ਮੁੱਦਿਆਂ ‘ਤੇ ਜਾਗਰੂਕਤਾ ਵਧਾਉਣ ਲਈ ਵਧਾਈ ਦਿੱਤੀ।ਡੀਨ ਅਕਾਦਮਿਕ, ਡਾ. ਸੰਦੀਪ ਕੌਸ਼ਲ ਨੇ ਕੁਇਜ਼ ਦੇ ਜੇਤੂਆਂ ਦਾ ਐਲਾਨ ਕੀਤਾ ਅਤੇ ਵਿਦਿਆਰਥੀਆਂ ਵਿੱਚ ਭਾਗੀਦਾਰੀ ਦੀ ਭਾਵਨਾ ਦੀ ਪ੍ਰਸ਼ੰਸਾ ਕੀਤੀ। ਕੁਇਜ਼ ਦੇ ਸਟੇਟ ਨੋਡਲ ਅਫਸਰ ਡਾ. ਸਰਿਤ ਸ਼ਰਮਾ ਨੇ ਦੱਸਿਆ ਕਿ ਜੇਤੂ ਅਗਲੇ ਪੱਧਰ ਦੇ ਕੁਇਜ਼ ਵਿੱਚ ਹਿੱਸਾ ਲੈਣਗੇ। ਮੁਕਾਬਲੇ ਦੇ ਅੰਤਿਮ ਦੌਰ ਵਿੱਚ ਚਾਰ ਉੱਚ-ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਕੁਇਜ਼ ਡਾ. ਮਹੇਸ਼ ਸਤੀਜਾ, ਡਾ. ਵਿਕਰਮ ਕੁਮਾਰ ਗੁਪਤਾ, ਡਾ. ਪ੍ਰਿਆ ਬਾਂਸਲ ਅਤੇ ਡਾ. ਪ੍ਰਾਂਜਲ ਸ਼ਰਮਾ ਦੁਆਰਾ ਸੰਚਾਲਿਤ ਕੀਤਾ ਗਿਆ।ਐਮਬੀਬੀਐਸ ਬੈਚ 2021 ਦੇ ਕਰਨਵੀਰ ਸਿੰਘ ਝੱਜ ਅਤੇ ਪੂਜਾ ਜਿੰਦਲ, ਬੈਚ 2024 ਦੇ ਮਾਨਸ ਦੇ ਨਾਲ, ਜੇਤੂਆਂ ਵਜੋਂ ਉਭਰੇ।ਪ੍ਰੋਗਰਾਮ ਡਾ. ਸੰਗੀਤਾ ਗਿਰਧਰ ਦੁਆਰਾ ਦਿੱਤੇ ਗਏ ਧੰਨਵਾਦ ਮਤੇ ਨਾਲ ਸਮਾਪਤ ਹੋਇਆ।

# ਅਕਾਲ ਅਕੈਡਮੀ ਚੀਮਾ ਸਾਹਿਬ ਦਾ ਨਤੀਜਾ ਰਿਹਾ ਸੌ ਫੀਸਦੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com




ਚੀਮਾ ਮੰਡੀ,8 ਮਾਰਚ ( ਜਗਸੀਰ ਲੌਂਗੋਵਾਲ) - ਕਲਗੀਧਰ ਟਰਸਟ ਬੜੂ ਸਾਹਿਬ ਵਿੱਦਿਅਕ ਸੰਸਥਾ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ ਸਾਹਿਬ ਵਿਖੇ ਆਪਣੇ ਨਵੇਂ ਰਿਕਾਰਡ ਦੇ ਨਾਲ ਸ਼ਾਨਦਾਰ ਅਕਾਦਮਿਕ ਸੈਸ਼ਨ ਦੀ ਪੂਰੀ ਹੋਣ ‘ਤੇ ਸੌ ਫੀਸਦੀ ਨਤੀਜੇ ਦੀ ਘੋਸ਼ਣਾ ਕਰਕੇ ਮਾਣ ਅਤੇ ਖੁਸ਼ੀ ਦਾ ਮਾਹੌਲ ਬਣਾਇਆ। ਇਸ ਮਹੱਤਵਪੂਰਨ ਮੌਕੇ ਨੂੰ ਮਨਾਉਣ ਲਈ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਯੂ.ਕੇ.ਜੀ. ਦੇ ਵਿਦਿਆਰਥੀਆਂ ਲਈ ਵੀ ਗ੍ਰੈਜੂਏਸ਼ਨ ਦਿਵਸ ਮਨਾਇਆ ਗਿਆ।

ਇਸ ਸਮਾਗਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ, ਜਿਸ ਨੇ ਪਵਿੱਤਰਤਾ ਅਤੇ ਅਧਿਆਤਮਿਕਤਾ ਨਾਲ ਭਰਪੂਰ ਮਾਹੌਲ ਤਿਆਰ ਕੀਤਾ। ਯੂ.ਕੇ.ਜੀ. ਕਲਾਸ ਦੇ ਛੋਟੇ ਵਿਦਿਆਰਥੀਆਂ ਨੇ ਆਪਣੇ ਪ੍ਰਦਰਸ਼ਨ ਰਾਹੀਂ ਦਰਸ਼ਕਾਂ ਦੇ ਦਿਲ ਜਿੱਤ ਲਏ।

ਇਸ ਦੇ ਨਾਲ ਹੀ ਉੱਤਮ ਅਕਾਦਮਿਕ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ। ਇਸਦੇ ਨਾਲ ਨਾਲ ਹੋਰ ਖੇਤਰਾਂ ਵਿੱਚ ਪ੍ਰਾਪਤੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਆਪਣੇ ਵਿਚਾਰ ਸਾਂਝੇ ਕਰਕੇ ਵਿਦਿਆਰਥੀਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ। ਅਕਾਲ ਅਕੈਡਮੀ ਚੀਮਾ ਸਾਹਿਬ ਦੇ ਪ੍ਰਿੰਸੀਪਲ ਨੀਨਾ ਸ਼ਰਮਾ ਨੇ ਆਪਣੇ ਸ਼ਬਦਾਂ ਰਾਹੀਂ ਸਟਾਫ ਦੀ ਮਿਹਨਤ ਅਤੇ ਵਿਦਿਆਰਥੀਆਂ ਦੀ ਲਗਨ ਦੀ ਪ੍ਰਸ਼ੰਸਾ ਕੀਤੀ। ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਸੁਖਮਨੀ ਸਾਹਿਬ ਅਤੇ ਸਹਿਜ ਪਾਠ ਸਾਹਿਬ ਦੇ ਅਰੰਭ ਨਾਲ ਹੋਈ, ਜਿਸ ਰਾਹੀਂ ਅਗਲੇ ਸਾਲ ਲਈ ਰੱਬ ਅੱਗੇ ਅਰਦਾਸ ਕੀਤੀ ਗਈ। ਇਹ ਦਿਨ ਅਕਾਲ ਅਕੈਡਮੀ ਚੀਮਾ ਸਾਹਿਬ ਲਈ ਉਪਲਬਧੀਆਂ, ਉਤਸ਼ਾਹ ਅਤੇ ਨਵੀਂ ਸ਼ੁਰੂਆਤਾਂ ਦਾ ਪੂਰਨ ਪ੍ਰਤੀਕ ਸੀ।

# ਕਿਰਤੀ ਕਿਸਾਨ ਮੋਰਚੇ ਦੀ ਮੀਟਿੰਗ

## ਫੌਜੀ ਹਰਜੀਤ ਸਿੰਘ ਸੈਦਪੁਰ ਕਿਰਤੀ ਕਿਸਾਨ ਮੋਰਚੇ ਦੇ ਬਲਾਕ ਪ੍ਰਧਾਨ ਨਿਯੁਕਤ



ਮੋਰਿੰਡਾ 8 ਅਪ੍ਰੈਲ,(ਪਤਰ ਪ੍ਰੇਰਕ,) ਕਿਰਤੀ ਕਿਸਾਨ ਮੋਰਚੇ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਕਿਸਾਨ ਵਿਰੋਧੀ ਫੈਸਲਿਆਂ ਦੀ ਕੀਤੀ ਜ਼ੋਰਦਾਰ ਨਿਖੇਧੀ ਕੀਤੀ ਹੈ ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਆਗੂ ਜਰਨੈਲ ਸਿੰਘ ਮਗਰੇੜ ਨੇ ਦੱਸਿਆ ਕਿ

ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਦਾ ਇਕੱਠ ਕਿਰਤੀ ਕਿਸਾਨ ਮੋਰਚੇ ਦੇ ਸੂਬਾ ਪ੍ਰਧਾਨ ਬੀਰ ਸਿੰਘ ਬੜਬਾ ਦੀ ਪ੍ਰਧਾਨਗੀ ਹੇਠ ਹੋਇਆ। ਪਮ ਨੇ ਦੱਸਿਆ ਕਿ ਕਿਸਾਨਾਂ ਦੀ ਹੋਈ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਬੀਰ ਸਿੰਘ ਬੜਵਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਕੇਂਦਰ ਸਰਕਾਰ ਵਿਰੁੱਧ ਲੜੇ ਇਤਿਹਾਸਿਕ ਘੋਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਕਾਰਪੋਰੇਟਾਂ ਅੱਗੇ ਪੰਜਾਬ ਦੇ ਕਿਸਾਨਾਂ ਦੀ ਹੀ ਕੰਧ ਹੈ। ਜਿਸ ਵਿੱਚ ਕੇਂਦਰੀ ਤੇ ਸੂਬਾਈ ਸਰਕਾਰਾਂ ਅੰਦਰੋਂ ਬਾਹਰੋਂ ਮੋਰੀਆਂ ਕਰਕੇ ਕਮਜ਼ੋਰ ਕਰਨ ਦੀਆਂ ਨੀਤੀਆਂ ਘੜੀਆਂ ਜਾ ਰਹੀਆਂ ਹਨ। ਸੰਯੁਕਤ ਕਿਸਾਨ ਮੋਰਚਾ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ,ਕੱਚੇ ਕਾਮਿਆਂ, ਦੁਕਾਨਦਾਰਾਂ ਦੀਆਂ ਮੰਗਾਂ ਲਈ ਇੱਕਜੁੱਟ ਹੋ ਕੇ ਜਾਨ ਹਲੂਣੀ ਲੜਾਈ ਲੜ ਰਿਹਾ ਹੈ। ਇਹਨਾਂ ਕੇਂਦਰ ਸਰਕਾਰ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨਾਲ ਕੀਤੇ ਕਿਸਾਨ ਵਿਰੋਧੀ ਤੇ ਲੋਕ ਵਿਰੋਧੀ ਸਮਝੌਤਿਆਂ ਬਾਰੇ ਜਾਣਕਾਰੀ ਦਿੰਦਿਆਂ ਇਸ ਦੀ ਜ਼ੋਰਦਾਰ ਨਿਖੇਧੀ ਕੀਤੀ। ਇਕੱਠ ਨੂੰ ਪੰਜਾਬ ਸਟੂਡੈਂਟ ਯੂਨੀਅਨ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਨੇ ਕਿਹਾ ਕਿ ਵਿਦਿਆਰਥੀਆਂ ਤੇ ਕਿਸਾਨਾਂ ਦੀ ਏਕਤਾ ਸਰਕਾਰਾਂ ਨੂੰ ਰੜਕ ਰਹੀ ਹੈ। ਵਿਦਿਆਰਥੀ ਲਹਿਰ ਕਿਸਾਨ ਲਹਿਰ ਨੂੰ ਚੰਗੇ ਤੇ ਸੁਲਝੇ ਹੋਏ ਆਗੂ ਦਿੰਦੀ ਹੈ। ਇਹਨਾਂ ਚਮਕੌਰ ਸਾਹਿਬ ਦੇ ਅਤੇ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਤੇ ਚਾਨਣਾ ਪਾਇਆ। ਜਿਸ ਨੂੰ ਜਥੇਬੰਦੀ ਆਪਣਾ ਆਦਰਸ਼ ਮੰਨਦੀ ਹੈ। ਮੁਲਾਜ਼ਮ ਆਗੂ ਮਲਾਗਰ ਸਿੰਘ ਖਮਾਣੋ, ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਬਲਾਕ ਚਮਕੌਰ ਸਾਹਿਬ ਦੇ ਪ੍ਰਧਾਨ ਬਲਵਿੰਦਰ ਸਿੰਘ ਭੈਰੋ ਮਾਜਰਾ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੁਕਾਨਦਾਰਾਂ ਤੇ ਕਾਰਪੋਰੇਟਾਂ ਦੀਆਂ ਨੀਤੀਆਂ ਲਾਗੂ ਕਰਕੇ ਉਜਾੜੇ ਵੱਲ ਧੱਕਿਆ ਜਾ ਰਿਹਾ ਹੈ ।ਉੱਥੇ ਹੀ ਕਿਰਤ ਕਾਨੂੰਨਾਂ ਵਿੱਚ ਸਰਮਾਏਦਾਰੀ ਸੋਧਾਂ ਕਰਕੇ ਸੰਘਰਸ਼ਾਂ ਦੇ ਪੈਰਾਂ ਵਿੱਚ ਹੋਰ ਬੇੜੀਆਂ ਪਈਆਂ ਜਾ ਰਹੀਆਂ ਹਨ। ਇਹਨਾਂ ਕਿਸਾਨਾਂ ਤੇ ਮਜ਼ਦੂਰਾਂ ਦੀ ਏਕਤਾ ਤੇ ਜ਼ੋਰ ਦਿੱਤਾ। ਇਕੱਠ ਦੌਰਾਨ ਫੌਜੀ ਹਰਜੀਤ ਸਿੰਘ ਸੈਦਪੁਰਾ ਨੂੰ ਕਿਰਤੀ ਕਿਸਾਨ ਮੋਰਚੇ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ, ਜਰਨੈਲ ਸਿੰਘ ਮਗਰੇੜ ਨੇ ਦੱਸਿਆ ਕਿ ਛੇਤੀ ਹੀ ਬਲਾਕ ਦੇ ਪਿੰਡਾਂ ਦੀਆਂ ਇਕਾਈਆਂ ਗਠਿਤ ਕਰਕੇ ਛੇਤੀ ਹੀ ਬਲਾਕ ਦੀ ਪੂਰੀ ਬਾਡੀ ਦੀ ਚੋਣ ਕੀਤੀ ਜਾਵੇਗੀ। ਇਸ ਮੌਕੇ ਗੁਰਚਰਨ ਸਿੰਘ ਮਾਣੇ ਮਾਜਰਾ, ਸ਼ਮਸ਼ੇਰ ਸਿੰਘ ਭੰਗੂ ਪ੍ਰਧਾਨ ਨਗਰ ਕੌਂਸਲ, ਮਲਕੀਤ ਸਿੰਘ ਮੁੰਡੀਆਂ, ਦਵਿੰਦਰ ਸਿੰਘ ਬਿੰਦਾ ਬਰਸਾਲਪੁਰ ਆਦਿ ਆਗੂਆਂ ਨੇ ਕਿਰਤੀ ਕਿਸਾਨ ਮੋਰਚੇ ਦੇ ਬਲਾਕ ਚਮਕੌਰ ਸਾਹਿਬ ਦੇ ਨਵਨਿਯੁਕਤ ਕਾਰਜਕਾਰੀ ਪ੍ਰਧਾਨ ਨੂੰ ਭਰਵਾਂ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਜਸਬੀਰ ਸਿੰਘ ਸੈਦਪੁਰ, ਮਨਜਿੰਦਰ ਸਿੰਘ ਫਤਿਹਪੁਰ ,ਤਰਨ ਸਿੰਘ ਡਹਿਰ ,ਜਸਵੰਤ ਸਿੰਘ ਮਾਵੀ , ਪ੍ਰਿਤਪਾਲ ਸਿੰਘ ਡਹਿਰ , ਗੁਰਪ੍ਰੀਤ ਸਿੰਘ ਭੁਰੜੇ ,ਬਲਵੀਰ ਸਿੰਘ ਮੁੰਨੇ ਪ੍ਰੀਤਮ ਸਿੰਘ ਰਾਏ, ਅਮਰਜੀਤ ਸਿੰਘ ਬੈਂਸ, ਅਵਤਾਰ ਸਿੰਘ ਅਸਮਾਨਪੁਰ ,ਕਰਨੈਲ ਸਿੰਘ ਫੌਜੀ ਬੜਵਾ ,ਰਣਜੀਤ ਸਿੰਘ ਆਦਿ ਹਾਜ਼ਰ ਸਨ ।

# "ਪੰਜਾਬ ਸੰਭਾਲੋ ਅੰਦੋਲਨ" ਤਹਿਤ ਡਾ ਅਵਤਾਰ ਸਿੰਘ ਕਰੀਮਪੁਰੀ ਭਵਿੱਖ ਦੇ ਪ੍ਰੋਗਰਾਮਾਂ ਬਾਰੇ ਬਹੁਤ ਹੀ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ-ਲਾਲ ਸਿੰਘ ਸੁਲਹਾਣੀ



ਅੱਜ ਸਵੇਰੇ 8-00 ਤੋਂ 10-30 ਵਜੇ ਤੱਕ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਮਾਨਯੋਗ ਡਾ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਜੀ ਦੇ ਗ੍ਰਹਿ ਮਾਹਿਲਪੁਰ ਵਿਖੇ ਉਹਨਾਂ ਨਾਲ ਸਮਾਜਿਕ ਸਰੋਕਾਰਾਂ, ਪੰਜਾਬ ਦੀ ਵਰਤਮਾਨ ਦਿਸ਼ਾ ਤੇ ਦਸ਼ਾ, ਬਹੁਜਨ ਸਮਾਜ ਦੀ ਸਿਰਜਣਾ ਦੌਰਾਨ ਦਰਪੇਸ਼ ਮੁਸ਼ਕਲਾਂ ਸਬੰਧੀ ਤੇ ਬਹੁਜਨ ਸਮਾਜ ਪਾਰਟੀ ਵੱਲੋਂ "ਪੰਜਾਬ ਸੰਭਾਲੋ ਅੰਦੋਲਨ" ਤਹਿਤ ਭਵਿੱਖ ਵਿਚ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਬਹੁਤ ਹੀ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ ਇਸ ਮੌਕੇ ਸ੍ਰੀ ਓਮ ਪ੍ਰਕਾਸ਼ ਸਰੋਏ ਸੂਬਾ ਆਗੂ ਪੰਜਾਬ ਤੇਜ਼ੋਨ ਇੰਚਾਰਜ ਫਿਰੋਜ਼ਪੁਰ, ਫਾਜ਼ਿਲਕਾ ਅਤੇ ਬਸਪਾ ਜ਼ਿਲ੍ਹਾ ਫਿਰੋਜ਼ਪੁਰ ਦੇ ਸੀਨੀਅਰ ਆਗੂ ਸ੍ਰੀ ਹਦਾਇਤ ਵਾਲਮੀਕਿ ਜੀ ਵੀ ਮੌਜੂਦ ਸਨ। ਇਸ ਸਮੇਂ ਖਿੱਚੀਆਂ ਗਈਆਂ ਯਾਦਗਾਰੀ ਤਸਵੀਰਾਂ

ਲਾਲ ਸਿੰਘ ਸੁਲਹਾਣੀ
ਸੀਨੀਅਰ ਬਸਪਾ ਆਗੂ
ਪੰਜਾਬ
ਤੇ ਜੋਨ ਇੰਚਾਰਜ
ਫਿਰੋਜ਼ਪੁਰ ਫਾਜ਼ਿਲਕਾ

# ਅੰਗੀਠਾ ਸਾਹਿਬ ਪਿੰਡ ਲੱਖਪੁਰ ਵਿਖੇ ਕਰਵਾਇਆ ਸਲਾਨਾ ਭੰਡਾਰਾ

## * ਹਵਨ ਤੋਂ ਬਾਅਦ ਵਰਤਾਈ ਭੰਡਾਰੇ ਦੀ ਸੇਵਾ



ਫਗਵਾੜਾ 8 ਅਪ੍ਰੈਲ (ਸ਼ਿਵ ਕੌੜਾ) 108 ਬ੍ਰਹਮ ਗਿਆਨੀ ਭਗਤ ਜਵਾਲਾ ਦਾਸ ਜੀ ਮਹਾਰਾਜ ਅੰਗੀਠਾ ਸਾਹਿਬ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ ਸੁਆਮੀ ਪ੍ਰੇਮਾਨੰਦ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਤ ਜਵਾਲਾ ਦਾਸ ਜੀ ਅਤੇ ਸੁਆਮੀ ਰਾਮ ਚੇਤਨ ਨੰਦ ਦੀ ਯਾਦ ਨੂੰ ਸਮਰਪਿਤ ਸਲਾਨਾ ਭੰਡਾਰਾ ਕਰਵਾਇਆ ਗਿਆ। ਸਵੇਰੇ ਪੰਡਿਤ ਜੋਗਿੰਦਰ ਸ਼ਰਮਾ ਵਲੋਂ ਹਵਨ ਯੱਗ ਸੰਪਨ ਕਰਵਾਇਆ ਗਿਆ। ਇਸ ਮੌਕੇ ਪੰਡਿਤ ਜਗਦੀਸ਼ ਥੋਪਰਾਏ, ਬਾਬਾ ਕਰਨੈਲ ਸਿੰਘ ਲੱਖਪੁਰ ਅਤੇ ਮਹੰਤ ਰਾਮ ਜੀ ਲੱਖਪੁਰ ਨੇ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਭਗਤ ਜਵਾਲਾ ਦਾਸ ਅਤੇ ਸੁਆਮੀ ਰਾਮ ਚੇਤਨ ਨੰਦ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਉਹ ਜਿੱਥੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ, ਉੱਥੇ ਹੀ ਵਾਤਾਵਰਣ ਨੂੰ ਪਿਆਰ ਕਰਨ ਵਾਲੇ ਅਤੇ ਵਿਦਿਆ ਦੇ ਮਹੱਤਵ ਨੂੰ ਵੀ ਸਮਝਦੇ ਸਨ। ਉਹਨਾਂ ਨੇ ਜਿੱਥੇ ਬਹੁਤ ਸਾਰੇ ਰੁੱਖ ਲਗਾਏ ਉੱਥੇ ਹੀ ਵਿਦਿਆ ਦੇ ਪ੍ਰਸਾਰ ਲਈ ਪਿੰਡ ਲੱਖਪੁਰ ਵਿਚ ਵਿਦਿਅਕ ਅਦਾਰੇ ਵੀ ਸ਼ੁਰੂ ਕਰਵਾਏ। ਉਹਨਾਂ ਸਮੂਹ ਹਾਜਰੀਨ ਨੂੰ ਉਹਨਾਂ ਦੇ ਜੀਵਨ ਤੋਂ ਪ੍ਰੇਰਣਾ ਲੈਂਦੇ ਹੋਏ ਪਰਮਾਤਮਾ ਦੀ ਭਗਤੀ ਅਤੇ ਸਮਰੱਥਾ ਅਨੁਸਾਰ ਸਮਾਜ ਸੇਵਾ ਦੇ ਕੰਮਾਂ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ। ਸੇਵਾਦਾਰਾਂ ਵਲੋਂ ਭੰਡਾਰੇ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਰੇਸ਼ਮ ਸਿੰਘ ਲੱਖਪੁਰ, ਸੇਵਾ ਸਿੰਘ ਢੱਡਵਾਲ, ਸੁਰਿੰਦਰ ਸਿੰਘ ਢੱਡਵਾਲ, ਪੱਪੂ ਲੱਖਪੁਰ, ਹਰਭਜਨ ਸਿੰਘ, ਦੇਵ ਰਾਮ, ਅਮਰਜੀਤ, ਰਣਜੀਤ ਸਿੰਘ, ਗੁਰਜੀਤ ਸਿੰਘ, ਗੁਰਮੀਤ ਸਿੰਘ ਢੱਡਵਾਲ, ਗੁਰਦੀਪ ਸਿੰਘ, ਤਰਲੋਚਨ ਸਿੰਘ, ਸਨੀ, ਦੀਪੂ ਹਲਵਾਈ, ਰਾਮ ਆਸਰਾ, ਮਨਜੀਤ ਸਿੰਘ, ਜਸਵਿੰਦਰ ਸਿੰਘ, ਸਤਪਾਲ ਚਿੜੀ, ਕਿਸ਼ਨ ਸਿੰਘ, ਕਾਕਾ ਲੱਖਪੁਰ, ਸੰਤੋਖ ਸਿੰਘ ਲੱਖਪੁਰ, ਮਲਜਿੰਦਰ ਸਿੰਘ ਢੱਡਵਾਲ ਆਦਿ ਹਾਜਰ ਸਨ।

# ਹਲਕਾ ਇੰਚਾਰਜ ਖੁਰਾਣਾ ਤੇ ਚੰਦੀ ਦੀ ਅਗਵਾਈ 'ਚ ਹੋਈ ਸ਼੍ਰੋਮਣੀ ਅਕਾਲੀ ਦਲ ਫਗਵਾੜਾ ਦੇ ਡੈਲੀਗੇਟ ਮੈਂਬਰਾਂ ਦੀ ਮੀਟਿੰਗ



ਫਗਵਾੜਾ 8 ਅਪ੍ਰੈਲ (ਸ਼ਿਵ ਕੌੜਾ) ਸ਼੍ਰੋਮਣੀ ਅਕਾਲੀ ਦਲ ਵਿਧਾਨਸਭਾ ਹਲਕਾ ਫਗਵਾੜਾ ਦੇ ਡੈਲੀਗੇਟ ਮੈਂਬਰਾਂ ਦੀ ਇਕ ਜਰੂਰੀ ਮੀਟਿੰਗ ਹਲਕਾ ਸ਼ਹਿਰੀ ਇੰਚਾਰਜ ਸਰਦਾਰ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਸਰਦਾਰ ਰਾਜਿੰਦਰ ਸਿੰਘ ਚੰਦੀ ਦੀ ਸਾਂਝੀ ਅਗਵਾਈ ਹੇਠ ਸਥਾਨਕ ਗੁਰਦੁਆਰਾ ਸ੍ਰੀ ਸੁਖਚੈਨਆਣਾ ਸਾਹਿਬ ਵਿਖੇ ਹੋਈ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਹਾਜਰ ਡੈਲੀਗੇਟ ਮੈਂਬਰਾਂ ਨੇ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਅਹੁਦੇਦਾਰ ਚੁਣਨ ਦੇ ਸਾਰੇ ਅਧਿਕਾਰ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ. ਬਲਵਿੰਦਰ ਸਿੰਘ ਭੂੰਦੜ ਨੂੰ ਦਿੱਤੇ। ਇਸ ਮੌਕੇ ਰਣਜੀਤ ਸਿੰਘ ਖੁਰਾਣਾ ਅਤੇ ਰਾਜਿੰਦਰ ਸਿੰਘ ਚੰਦੀ ਨੇ ਮੀਟਿੰਗ ਵਿਚ ਸ਼ਾਮਲ ਹੋਣ ਲਈ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਰਾਣਾ ਅਤੇ ਚੰਦੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਸਿਆਸੀ ਧਿਰ ਹੈ ਜੋ ਪੰਜਾਬ ਅਤੇ ਪੰਜਾਬੀਆਂ ਦੀ ਨੁਮਾਇੰਦਗੀ ਕਰਦੀ ਹੈ। ਉਹਨਾਂ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਹਰ ਫਰੰਟ ਤੇ ਫੇਲ ਦੱਸਿਆ ਅਤੇ ਖਾਸ ਤੌਰ ਤੇ ਵੱਧਦੀਆਂ ਅਪਰਾਧਿਕ ਗਤੀਵਿਧੀਆਂ ਦਾ ਜਿਕਰ ਕਰਦਿਆਂ ਲਾਅ-ਐਂਡ ਆਰਡਰ ਦੀ ਮਾੜੀ ਹਾਲਤ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਿੰਮੇਵਾਰ ਠਹਿਰਾਇਆ। ਉਹਨਾਂ ਦਾਅਵਾ ਕੀਤਾ ਕਿ ਨਵੇਂ ਪ੍ਰਧਾਨ ਦੀ ਚੋਣ ਤੋਂ ਬਾਅਦ ਸਮੂਹ ਪੰਜਾਬੀਆਂ ਨੂੰ ਸੂਬਾ ਸਰਕਾਰ ਦੀਆਂ ਨਾਕਾਮੀਆਂ ਪ੍ਰਤੀ ਲਾਮਬੰਦ ਕੀਤਾ ਜਾਵੇਗਾ ਤਾਂ ਜੋ 2027 ਵਿਚ ਪੰਜਾਬ ਨੂੰ ਆਪ ਸਰਕਾਰ ਤੋਂ ਮੁਕਤ ਕਰਵਾ ਕੇ ਪੰਜਾਬੀਆਂ ਦੀ ਹਰਮਨ ਪਿਆਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਰਾਜ ਸਥਾਪਤ ਕੀਤਾ ਜਾ ਸਕੇ। ਸਰਬਜੀਤ ਕੌਰ ਸਾਬਕਾ ਕੌਂਸਲਰ, ਬਲਜੀਤ ਸਿੰਘ ਵਾਲੀਆਂ, ਅਵਤਾਰ ਸਿੰਘ ਭੁੰਗਰਨੀ , ਪ੍ਰਿਤਪਾਲ ਸਿੰਘ ਮੰਗਾ ਕੌਂਸਲਰ, ਗੁਰਦੀਪ ਸਿੰਘ ਖੇੜਾ, ਬਲਜਿੰਦਰ ਸਿੰਘ ਠੇਕੇਦਾਰ, ਸਰੂਪ ਸਿੰਘ ਖਲਵਾੜਾ, ਹਰਵਿੰਦਰ ਸਿੰਘ ਵਾਲੀਆ, ਅਵਤਾਰ ਸਿੰਘ ਮੰਗੀ, ਕੁਲਵਿੰਦਰ ਸਿੰਘ ਕਿੰਦਾ ਸਾਬਕਾ ਕੌਂਸਲਰ, ਗਿਆਨ ਸਿੰਘ ਚਾਨਾ, ਗੁਰਮੀਤ ਸਿੰਘ ਬਡਵਾਲ, ਰਣਜੀਤ ਸਿੰਘ ਜੀਤੀ, ਗੁਰਮੁੱਖ ਸਿੰਘ ਚਾਨਾ, ਝਿਰਮਲ ਸਿੰਘ ਭਿੰਡਰ, ਬਹਾਦਰ ਸਿੰਘ ਸੰਗਤਪੁਰ, ਸੁਖਵਿੰਦਰ ਸਿੰਘ ਕੰਬੋਜ, ਸਿੰਗਾਰਾ ਸਿੰਘ ਕੋਲਸਰ, ਗੁਰਪ੍ਰੀਤ ਸਿੰਘ ਗੋਪੀ, ਸੁਖਬੀਰ ਸਿੰਘ ਰਿ:ਇੰਸਪੈਕਟਰ, ਗੁਰਸਿਮਰ ਸਿੰਘ , ਮੋਹਨ ਸਿੰਘ ਵਾਹਦ, ਸੁਖਦੀਪ ਸਿੰਘ ਵਾਲੀਆ, ਸੁਖਵੰਤ ਸਿੰਘ, ਹਰਜੋਤ ਸਿੰਘ ਪਾਹਵਾ, ਸੁਰਿੰਦਰ ਸਿੰਘ ਪਾਹਵਾ, ਤਜਿੰਦਰ ਸਿੰਘ ਵਿੱਕੀ, ਗੁਰਪ੍ਰੀਤ ਸਿੰਘ,ਜੋਗਾ ਸਿੰਘ ਢੱਡਾ, ਰਜਿੰਦਰ ਸਿੰਘ ਨੰਗਲਮੱਝਾ,ਨਰਿੰਦਰ ਸਿੰਘ ਗੋਲਡੀ, ਅਮਰਜੀਤ ਮਹੇੜੂ, ਸੁਰਿੰਦਰ ਸਿੰਘ ਖਾਲਸਾ,ਰਣਜੀਤ ਸਿੰਘ ਹਰਦਾਸਪੁਰ, ਜਸਪਾਲ ਜਮਾਲਪੁਰ, , ਬਲਜਿੰਦਰ ਸਿੰਘ ਫਤਿਹਗੜ੍ਹ, ਮੱਸਾ ਸਿੰਘ, ਅਜੈਬ ਸਿੰਘ, ਸਤਨਾਮ ਸਿੰਘ, ਪ੍ਰਕਾਸ਼ ਸਿੰਘ ਸਰਪੰਚ, ਸੰਤੋਖ ਸਿੰਘ ਬਰਨਾ,ਬਲਵੀਰ ਸਿੰਘ ਗੰਢਵਾ, ਪ੍ਰੀਤ ਅਕਾਲਗੜ੍ਹ, ਰੋਹਿਤ ਪਾਲ, ਅਵਤਾਰ ਸਿੰਘ ਪੰਮਾ, ਸੁਖਦੇਵ ਸਿੰਘ ਆਦਿ ਹਾਜਰ ਸਨ।

# ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਜਨਤਕ ਸਿੱਖਿਆ ਦਾ ਬੇੜ੍ਹਾ ਗਰਕ ਕਰਨ 'ਤੇ ਤੁਲੀ ਆਪ ਸਰਕਾਰ

## -ਮੰਤਰੀ ਜੌੜਾ ਮਾਜਰਾ ਵੱਲੋਂ ਰਾਸ਼ਟਰ ਨਿਰਮਾਤਾ ਅਧਿਆਪਕਾਂ ਨੂੰ ਜਲੀਲ ਕਰਨਾ ਬਰਦਾਸ਼ਤ ਨਹੀਂ ਕਰਾਂਗੇ-ਬਲਜੀਤ ਸਿੰਘ ਸਲਾਣਾ

ਸਿੱਖਿਆ ਮੰਤਰੀ ਵੱਲੋਂ ਸੰਘਰਸ਼ਸ਼ੀਲ ਅਧਿਆਪਕਾਂ ਬਾਰੇ ਦਿੱਤੇ ਬਿਆਨ ਅਤੇ ਮੋਰਚੇ ਨੂੰ ਦਿੱਤੀ ਮੀਟਿੰਗ ਅੱਗੇ ਪਾਉਣ ਦੀ ਸਖਤ ਨਿਖੇਧੀ ਕਰਦਿਆਂ 9 ਅਤੇ 11 ਅਪ੍ਰੈਲ ਨੂੰ ਕਾਲੇ ਬਿੱਲੇ ਲਗਾ ਕੇ ਕੀਤਾ ਜਾਵੇਗਾ ਰੋਸ ਦਾ ਪ੍ਰਗਟਾਵਾ I

ਸਾਂਝਾ ਅਧਿਆਪਕ ਮੋਰਚਾ ਪੰਜਾਬ ਦੀ ਵਰਚੁਅਲ ਮੀਟਿੰਗ ਬਲਜੀਤ ਸਿੰਘ ਸਲਾਣਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਾਜ ਸਿੰਘ ਖਹਿਰਾ, ਹਰਵਿੰਦਰ ਸਿੰਘ ਬਿਲਗਾ, ਰਵਿੰਦਰਜੀਤ ਸਿੰਘ ਪੰਨੂ, ਗੁਰਜੰਟ ਸਿੰਘ ਵਾਲੀਆ, ਸੁਖਜਿੰਦਰ ਸਿੰਘ ਹਰੀਕਾ, ਨਵਪ੍ਰੀਤ ਸਿੰਘ ਬੱਲੀ,ਅਮਨਬੀਰ ਸਿੰਘ ਗੁਰਾਇਆ, ਸ਼ਮਸ਼ੇਰ ਸਿੰਘ ਬੰਗਾ, ਗੁਰਿੰਦਰ ਸਿੰਘ ਸਿੱਧੂ, ਜਿੰਦਰ ਪਾਇਲਟ ਆਦਿ ਸ਼ਾਮਿਲ ਸਨ। ਆਗੂਆਂ ਨੇ ਦੱਸਿਆ ਕਿ ਸਿੱਖਿਆ ਵਿਭਾਗ ਵਿੱਚ ਵਿਆਪਕ ਸੁਧਾਰ ਕਰਨ ਅਤੇ ਅਧਿਆਪਕਾਂ ਦੇ ਸਮੁੱਚੇ ਮਸਲੇ ਹੱਲ ਕਰਨ ਦੇ ਨਾਂ 'ਤੇ ਹੋਂਦ ਵਿੱਚ ਆਈ ਅਖੌਤੀ ਇਨਕਲਾਬੀਆਂ ਦੀ ਸਰਕਾਰ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਜਨਤਕ ਸਿੱਖਿਆ ਦਾ ਬੇੜ੍ਹਾ ਗਰਕ ਕਰਨ 'ਤੇ ਤੁਲੀ ਹੋਈ ਹੈ। ਪਹਿਲਾਂ ਹੀ ਬਣੀਆਂ ਸਕੂਲਾਂ ਦੀਆਂ ਬਿਲਡਿੰਗਾਂ, ਚਾਰ ਦੀਵਾਰੀਆਂ ਅਤੇ ਬਾਥਰੂਮਾਂ ਦੇ ਉਦਘਾਟਨ ਕਰਨ ਦੇ ਨਾਂ 'ਤੇ ਕਰੋੜਾਂ ਰੁਪਇਆ ਬਰਬਾਦ ਕਰਨ ਦੇ ਨਾਲ ਨਾਲ ਅਧਿਆਪਕਾਂ ਨੂੰ ਸਕੂਲਾਂ ਵਿੱਚ ਪੜ੍ਹਾਉਣ ਦੀ ਬਜਾਏ ਆਪਣੀ ਸਰਕਾਰ ਦੀ ਝੂਠੀ ਹਵਾ ਬਣਾਉਣ ਦੇ ਕੰਮ ਜਬਰਦਸਤੀ ਲਗਾਇਆ ਹੋਇਆ ਹੈ।

ਇੱਥੇ ਹੀ ਬਸ ਨਹੀਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਸਕੂਲਾਂ ਵਿੱਚ ਰਾਜਸੀ ਇਕੱਠ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਬੱਚਿਆਂ ਦੇ ਮਾਪਿਆਂ ਅਤੇ ਲੋਕਾਂ ਵਲੋਂ ਸਕੂਲਾਂ ਵਿੱਚ ਇਹਨਾਂ ਫੰਕਸ਼ਨਾਂ ਵਿੱਚ ਨਾ ਪਹੁੰਚਣ 'ਤੇ ਜੌੜਾ ਮਾਜਰਾ ਵਰਗੇ ਮੰਤਰੀ ਰਾਸ਼ਟਰ ਨਿਰਮਾਤਾ ਅਧਿਆਪਕਾਂ ਨੂੰ ਜਲੀਲ ਕਰ ਰਹੇ ਹਨ। ਉਧਰ ਸਿੱਖਿਆ ਮੰਤਰੀ ਵੱਲੋਂ ਪੰਜਾਬ ਦੀ ਜਨਤਕ ਸਿੱਖਿਆ ਬਚਾਉਣ ਅਤੇ ਅਧਿਆਪਕਾਂ ਦੇ ਮਸਲਿਆਂ ਲਈ ਸੰਘਰਸ਼ ਕਰ ਰਹੇ ਸਾਂਝੇ ਮੋਰਚੇ ਨਾਲ ਤੈਅ ਕੀਤੀ ਮੀਟਿੰਗ ਵਾਰ ਵਾਰ ਅੱਗੇ ਪਾ ਕੇ ਅਧਿਆਪਕਾਂ ਵਿਰੁੱਧ ਬੇਹੂਦਾ ਬਿਆਨ ਦਿੱਤੇ ਜਾ ਰਹੇ ਹਨ। ਜਿਸ ਦਾ ਸਾਂਝੇ ਅਧਿਆਪਕ ਮੋਰਚੇ ਨੇ ਸਖਤ ਨੋਟਿਸ ਲੈਂਦਿਆਂ 9 ਅਪ੍ਰੈਲ ਅਤੇ 11 ਅਪ੍ਰੈਲ ਨੂੰ ਸਿੱਖਿਆ ਮੰਤਰੀ ਪੰਜਾਬ ਅਤੇ ਜੌੜਾ ਮਾਜਰਾ ਖਿਲਾਫ ਕਾਲੇ ਬਿੱਲੇ ਲਗਾ ਕੇ ਰੋਸ ਦਾ ਪ੍ਰਗਟਾਵਾ ਕਰਨ ਦਾ ਸੱਦਾ ਦਿੱਤਾ ਹੈ।

# ਭਾਖੜਾ ਬਿਆਸ ਕਰਮਚਾਰੀ ਯੂਨੀਅਨ ਨੇ ਕੀਤੀ ਗੇਟ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 8 ਅਪ੍ਰੈਲ (ਜਗਸੀਰ ਸਿੰਘ) - ਭਾਖੜਾ ਬਿਆਸ ਕਰਮਚਾਰੀ ਯੂਨੀਅਨ (ਏਟਕ ਐਫਿ ), ਹੈੱਡ ਬ੍ਰਾਂਚ ਸੁੰਦਰ ਨਗਰ ਸ਼੍ਰੀ ਮੰਗਣੀ ਰਾਮ ਠਾਕੁਰ ਦੀ ਪ੍ਰਧਾਨਗੀ ਹੇਠ, ਟਾਊਨਸ਼ਿਪ ਸਬ ਡਿਵੀਜ਼ਨ ਸੁੰਦਰ ਨਗਰ ਵਿੱਚ ਚੀਫ਼ ਇੰਜੀਨੀਅਰ ਦੇ ਦਫ਼ਤਰ ਦੇ ਸਾਹਮਣੇ ਹੋਈ ਗੇਟ ਮੀਟਿੰਗ ਵਿੱਚ ਏਆਈਟੀਯੂਸੀ ਦੇ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਤਲਵਾੜਾ, ਸੀਨੀਅਰ ਮੀਤ ਪ੍ਰਧਾਨ ਸ੍ਰੀ ਹਰੀ ਸਿੰਘ ਜਮਾਲਪੁਰ, ਸ਼ਾਖਾ ਦੇ ਮੀਤ ਪ੍ਰਧਾਨ ਸ੍ਰੀ ਅਸ਼ੋਕ ਕੁਮਾਰ ਤਲਵਾੜਾ, ਉਪ ਜਨਰਲ ਸਕੱਤਰ ਸ੍ਰੀ ਰੂਪ ਲਾਲ ਧੀਮਾਨ ਸੁੰਦਰ ਨਗਰ ਅਤੇ ਸਾਥੀ ਵਲਾਇਤੀ ਰਾਮ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਤੋਂ ਇਲਾਵਾ, ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਅਤੇ ਕਾਨੂੰਨੀ ਸਲਾਹਕਾਰ, ਪੁੰਨਪੁਰ, ਅਮੇਠੀ ਤੋਂ ਕਾਮਰੇਡ ਮੋਹਨ ਲਾਲ ਵਰਮਾ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ। ਕਾਮਰੇਡ ਮੋਹਨ ਲਾਲ ਵਰਮਾ ਨੇ ਕਰਮਚਾਰੀਆਂ ਨੂੰ ਦੱਸਿਆ ਕਿ ਬੋਰਡ ਮੈਨੇਜਮੈਂਟ ਦੀਆਂ ਕਰਮਚਾਰੀ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ, ਭਾਈ ਯੂਨੀਅਨ ਵੱਲੋਂ 57 ਦਿਨਾਂ ਤੋਂ ਬੋਰਡ ਦੇ ਦਫ਼ਤਰ, ਚੰਡੀਗੜ੍ਹ ਨੇੜੇ ਲਗਾਤਾਰ ਭੁੱਖ ਹੜਤਾਲ ਕੀਤੀ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਭੁੱਖ ਹੜਤਾਲ ਦੇ 56ਵੇਂ ਦਿਨ, ਇਹ ਮਾਮਲਾ ਮਾਨਯੋਗ ਡਿਪਟੀ ਲੇਬਰ ਕਮਿਸ਼ਨਰ ਕੋਲ ਉਠਾਇਆ ਗਿਆ ਅਤੇ ਉਨ੍ਹਾਂ ਮੰਗਾਂ ਦੇ ਹੱਲ ਲਈ ਬੋਰਡ ਮੈਨੇਜਮੈਂਟ ਨੂੰ 21 ਦਿਨ ਦਾ ਸਮਾਂ ਦਿੱਤਾ, ਜਿਸ ਦਾ ਬੋਰਡ ਮੈਨੇਜਮੈਂਟ ਨੇ 24.3.2025 ਨੂੰ ਇੱਕ ਅਸਪਸ਼ਟ ਜਵਾਬ ਦਿੱਤਾ ਅਤੇ ਯੂਨੀਅਨ ਨੂੰ ਮਾਣਯੋਗ ਡਿਪਟੀ ਲੇਬਰ ਕਮਿਸ਼ਨਰ ਰਾਹੀਂ ਮੰਗਾਂ ਨਾਲ ਸਬੰਧਤ ਮਾਮਲਾ ਦਿੱਲੀ ਵਿਖੇ ਮਾਨਯੋਗ ਮੁੱਖ ਲੇਬਰ ਕਮਿਸ਼ਨਰ ਕੋਲ ਲਿਜਾਣ ਦੀ ਬੇਨਤੀ ਕੀਤੀ । ਯੂਨੀਅਨ ਨੇ ਬੋਰਡ ਮੈਨੇਜਮੈਂਟ, ਚੰਡੀਗੜ੍ਹ ਨੂੰ ਮੰਗਾਂ ਨੰਬਰ ਸੱਤ ਦੇ ਹੱਲ ਲਈ ਨੋਟਿਸ ਦੇ ਕੇ ਜੋ ਸੰਘਰਸ਼ ਜਾਰੀ ਕੀਤਾ ਸੀ, ਉਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਨ੍ਹਾਂ ਦੇ ਹੱਲ ਨਹੀਂ ਹੋ ਜਾਂਦੇ। ਜੇਕਰ ਬੋਰਡ ਮੈਨੇਜਮੈਂਟ 11.4.2025 ਨੂੰ ਮਾਨਯੋਗ ਸੀਐਲਸੀ ਦਿੱਲੀ ਦੀ ਮੀਟਿੰਗ ਵਿੱਚ ਮੰਗਾਂ ਦੇ ਹੱਲ ਵਿੱਚ ਢਿੱਲ-ਮੱਠ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਬੋਰਡ ਮੈਨੇਜਮੈਂਟ ਦਫ਼ਤਰ, ਚੰਡੀਗੜ੍ਹ ਦੇ ਨੇੜੇ ਸੰਘਰਸ਼ ਦੁਬਾਰਾ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਕਾਮਰੇਡ ਹਰੀ ਸਿੰਘ ਜਮਾਲਪੁਰ, ਕਾਮਰੇਡ ਅਸ਼ੋਕ ਕੁਮਾਰ ਤਲਵਾੜਾ ਅਤੇ ਕਾਮਰੇਡ ਰੂਪ ਲਾਲ ਧੀਮਾਨ ਸੁੰਦਰ ਨੇ ਸਾਰੇ ਕਰਮਚਾਰੀਆਂ ਨੂੰ ਇੱਕਜੁੱਟ ਰਹਿਣ ਦੀ ਅਪੀਲ ਕੀਤੀ ਅਤੇ 57 ਦਿਨਾਂ ਦੀ ਨਿਰੰਤਰ ਭੁੱਖ ਹੜਤਾਲ ਅਤੇ ਸੰਘਰਸ਼ ਵਿੱਚ ਸਮਰਥਨ ਦੇਣ ਲਈ ਸਾਰੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

# ਨਸ਼ਾ ਮੁਕਤੀ ਚੇਤਨਾ ਸੰਘ ਦੀ ਪਹਿਲਕਦਮੀ ਦੇ ਸਾਰਥਕ ਨਤੀਜੇ ਆ ਰਹੇ ਸਾਹਮਣੇ - ਡਾ: ਅਮਿਤ ਕਾਂਸਲ

## ਯਾਦਵਿੰਦਰ ਯਾਦੂ ਦੀ ਅਗਵਾਈ ਹੇਠ ਸੈਂਕੜੇ ਨੌਜਵਾਨ ਨਸ਼ਾ ਮੁਕਤ ਪੰਜਾਬ ਮੁਹਿੰਮ ਨਾਲ ਜੁੜੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੁਨਾਮ ਉਧਮ ਸਿੰਘ ਵਾਲਾ,8 ਅਪ੍ਰੈਲ (ਜਗਸੀਰ ਲੌਂਗੋਵਾਲ)-

ਨਸ਼ਾ ਮੁਕਤੀ ਚੇਤਨਾ ਸੰਘ ਦੇ ਸੂਬਾਈ ਕੋ-ਕਨਵੀਨਰ ਅਤੇ ਕਾਂਸਲ ਫਾਊਂਡੇਸ਼ਨ ਦੇ ਸੰਸਥਾਪਕ ਰਾਸ਼ਟਰਵਾਦੀ ਚਿੰਤਕ ਡਾ: ਅਮਿਤ ਕਾਂਸਲ ਨੇ ਨਿਰਮਾਣ ਕੈਂਪਸ ਸਥਿਤ ਕਾਂਸਲ ਫਾਊਂਡੇਸ਼ਨ ਦੇ ਦਫ਼ਤਰ ਵਿਖੇ ਯਾਦਵਿੰਦਰ ਯਾਦੂ ਦੀ ਅਗਵਾਈ ਹੇਠ ਨਸ਼ਾ ਮੁਕਤ ਪੰਜਾਬ ਮੁਹਿੰਮ ਨਾਲ ਵੱਡੀ ਗਿਣਤੀ ਵਿੱਚ ਜੁੜੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਮੁਕਤੀ ਚੇਤਨਾ ਸੰਘ ਦੀ ਸਥਾਪਨਾ ਦੋ ਸਾਲ ਪਹਿਲਾਂ ਹੀ ਹੋਈ ਸੀ। ਸਰਦਾਰ ਜਸਵੀਰ ਸਿੰਘ ਜੀ ਦੀ ਪ੍ਰੇਰਨਾ ਅਤੇ ਰਹਿਨੁਮਾਈ ਹੇਠ ਜਿਲ੍ਹਾ ਪੱਧਰ ਤੋਂ ਲੈ ਕੇ ਬਲਾਕ ਪੱਧਰ ਤੱਕ ਜਥੇਬੰਦਕ ਢਾਂਚਾ ਖੜਾ ਕੀਤਾ ਗਿਆ। ਸਿਟੇ ਵੱਜੋਂ ਵੱਲੋਂ ਨਸ਼ਾ ਮੁਕਤ ਪੰਜਾਬ ਮੁਹਿੰਮ ਹਰ ਪਿੰਡ ਹਰ ਘਰ ਤੱਕ ਪਹੁੰਚੀ। ਅੱਜ ਇਸ ਦੇ ਹਜ਼ਾਰਾਂ ਵਰਕਰਾਂ ਦੀ ਮਿਹਨਤ ਦਾ ਫਲ ਪੰਜਾਬ ਭਰ ਵਿੱਚ ਸਭ ਦੇ ਸਾਹਮਣੇ ਹੈ।

ਡਾ: ਕਾਂਸਲ ਨੇ ਕਿਹਾ ਕਿ ਸੰਘ ਦਾ ਉਦੇਸ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਬਚਾਉਣਾ ਹੈ । ਇਸ ਮੰਤਵ ਲਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਸੰਪਰਕ ਕਰਕੇ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕੇ ਗਏ। ਕਿਉਂਕਿ ਨਸ਼ਾ ਵੇਚਣ ਵਾਲਿਆਂ ਦਾ ਪਹਿਲਾ ਨਿਸ਼ਾਨਾ ਵਿਦਿਆਰਥੀ ਅਤੇ ਨੌਜਵਾਨ ਹੁੰਦੇ ਹਨ, ਇਸ ਲਈ ਜੇਕਰ ਉਹ ਇਸ ਬੁਰਾਈ ਪ੍ਰਤੀ ਸੁਚੇਤ ਹੋ ਕੇ ਸੰਗਠਿਤ ਹੋ ਜਾਣ ਤਾਂ ਯਕੀਨਨ ਸਾਡਾ ਪੰਜਾਬ ਨਸ਼ਿਆਂ ਦੀ ਅੱਤ ਤੋਂ ਮੁਕਤ ਹੋ ਕੇ ਮੁੜ ਰੰਗਲਾ ਪੰਜਾਬ ਬਣ ਜਾਵੇਗਾ। ਨੌਜਵਾਨਾਂ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਵੱਡੇ ਪੱਧਰ ’ਤੇ ਹਸਤਾਖਰ ਮੁਹਿੰਮ, ਭਾਸ਼ਣ ਮੁਕਾਬਲੇ, ਲੇਖ ਲਿਖਣ ਮੁਕਾਬਲੇ, ਪੋਸਟਰ ਮੇਕਿੰਗ, ਸੈਮੀਨਾਰ, ਜਾਗਰੂਕਤਾ ਰੈਲੀਆਂ ਆਦਿ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਖੁਸ਼ੀ ਦੀ ਗੱਲ ਹੈ ਕਿ ਅੱਜ ਸੁਨਾਮ ਦੀ ਉਸੇ ਧਰਤੀ ‘ਤੇ ਜਿਸ ਨੂੰ ਸ਼ਹੀਦ ਊਧਮ ਸਿੰਘ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ, ਵੱਡੀ ਗਿਣਤੀ ‘ਚ ਨੌਜਵਾਨਾਂ ਨੇ ਨਸ਼ਾ ਮੁਕਤ ਪੰਜਾਬ ਮੁਹਿੰਮ ਨਾਲ ਜੁੜਨ ਦਾ ਪ੍ਰਣ ਲਿਆ।

ਡਾ: ਕਾਂਸਲ ਨੇ ਕਿਹਾ ਕਿ ਅਰਥ ਸ਼ਾਸਤਰ ਦਾ ਇਹ ਸਥਾਪਿਤ ਨਿਯਮ ਹੈ ਕਿ ਜੇਕਰ ਮਾਲ ਦਾ ਕੋਈ ਖਰੀਦਦਾਰ ਨਾ ਹੋਵੇ ਤਾਂ ਯਕੀਨੀ ਤੌਰ ‘ਤੇ ਮਾਲ ਆਪਣੇ ਆਪ ਵਿਕਣਾ ਬੰਦ ਹੋ ਜਾਂਦਾ ਇਸ ਲਈ ਜਦੋਂ ਕੋਈ ਨੌਜਵਾਨ ਨਸ਼ਾ ਨਹੀਂ ਖਰੀਦੇਗਾ ਤਾਂ ਨਸ਼ੇ ਦੇ ਵਪਾਰੀਆਂ ਦਾ ਕਾਰੋਬਾਰ ਵੀ ਆਪਣੇ ਆਪਹੀ ਬੰਦ ਹੋ ਜਾਵੇਗਾ। ਜਿਵੇਂ ਨੌਜਵਾਨਾਂ ਵਿੱਚ ਜਾਗਰੂਕਤਾ ਵਧੇਗੀ, ਉਹ ਪਵਿੱਤਰ ਗੁਰਬਾਣੀ ਅਤੇ ਸ਼੍ਰੀ ਭਗਵਤ ਗੀਤਾ ਦੀ ਸ਼ਰਨ ਵਿੱਚ ਆ ਕੇ ਗੁਰੂਆਂ ਅਤੇ ਸੂਰਵੀਰਾਂ ਦੀ ਮਹਾਨ ਧਰਤੀ ਆਪਣੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣਗੇ। ਉਨ੍ਹਾਂ ਹਾਜ਼ਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੇ ਨਸ਼ਾ ਕਰਨਾ ਹੀ ਹੈ ਤਾਂ ਉਹ ਭਗਤ ਪੂਰਨ ਸਿੰਘ, ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਮਦਨਲਾਲ ਢੀਂਗਰਾ, ਸ਼ਹੀਦ ਸੁਖਦੇਵ ਥਾਪਰ ਅਤੇ ਸ਼ਹੀਦ ਊਧਮ ਸਿੰਘ ਦੀ ਤਰ੍ਹਾਂ ਸਮਾਜ ਸੇਵਾ ਅਤੇ ਦੇਸ਼ ਭਗਤੀ ਦਾ ਨਸ਼ਾ ਕਰਨ।

ਵਿਦਿਆਰਥੀ ਆਗੂ ਯਾਦਵਿੰਦਰ ਯਾਦੂ ਨੇ ਕਿਹਾ ਕਿ ਅਸੀਂ ਡਾ: ਅਮਿਤ ਕਾਂਸਲ ਵੱਲੋਂ ਪੰਜਾਬ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤੇ ਜਾ ਰਹੇ ਨੇਕ ਕਾਰਜ ਤੋਂ ਪ੍ਰੇਰਿਤ ਹੋ ਕੇ ਇਸ ਮੁਹਿੰਮ ਨਾਲ ਜੁੜ ਰਹੇ ਹਾਂ | ਨਸ਼ਾ ਮੁਕਤ ਪੰਜਾਬ ਮੁਹਿੰਮ ਨਾਲ ਜੁੜ ਕੇ ਸਾਨੂੰ ਜ਼ਿੰਦਗੀ ਦਾ ਮਿਸ਼ਨ ਮਿਲਿਆ ਹੈ ਅਤੇ ਇਸ ਮੁਹਿੰਮ ਨੂੰ ਹਰ ਪਿੰਡ ਤੱਕ ਪਹੁੰਚਾਉਣਾ ਨੌਜਵਾਨਾਂ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਆਯੂਸ਼ ਕੁਮਾਰ, ਕਰਨਵੀਰ ਕਾਂਸਲ,ਮਨਪ੍ਰੀਤ ਸਿੰਘ,ਇੰਦਰਜੀਤ ਸਿੰਘ, ਪਾਰਸ ਸਿੰਘ ਆਦਿ ਵੱਖ-ਵੱਖ ਪਿੰਡਾਂ ਤੋਂ ਆਏ ਨੌਜਵਾਨਾ ਨਹੀਂ ਕਾਜਕਰਮ ਵਿੱਚ ਸ਼ਿਰਕਤ ਕੀਤੀ।

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਡੈਲੀਗੇਟ ਇਜਲਾਸ ‘ਚ 15 ਮੈਂਬਰੀ ਸੂਬਾਈ ਕਾਰਜਕਾਰਨੀ ਦੀ ਚੋਣ

## ਮਾਸਟਰ ਰਜਿੰਦਰ ਭਦੌੜ ਦੁਬਾਰਾ ਫਿਰ ਬਣੇ ਸੂਬਾ ਜਥੇਬੰਦਕ ਮੁਖੀ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਨ ਦੀ ਕੀਤੀ ਮੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,8 ਅਪ੍ਰੈਲ (ਜਗਸੀਰ ਸਿੰਘ )-

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਦੋ ਰੋਜ਼ਾ ਸੂਬਾਈ ਡੈਲੀਗੇਟ ਇਜਲਾਸ ਦੇ ਦੂਜੇ ਦਿਨ ਅਗਲੇ ਦੋ ਸਾਲਾਂ ਲਈ 15 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਟੀਮ ਦੀ ਚੋਣ ਕੀਤੀ ਗਈ ਜਿਸ ਵਿੱਚ ਜਥੇਬੰਦਕ ਵਿਭਾਗ ਲਈ ਮਾਸਟਰ ਰਾਜਿੰਦਰ ਭਦੌੜ, ਵਿਤ ਵਿਭਾਗ ਰਾਜੇਸ਼ ਅਕਲੀਆ, ਸਭਿਆਚਾਰਕ ਵਿਭਾਗ ਜੋਗਿੰਦਰ ਕੁੱਲੇਵਾਲ, ਮੀਡੀਆ ਵਿਭਾਗ ਸੁਮੀਤ ਅੰਮ੍ਰਿਤਸਰ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਪੰਜਾਬੀ) ਰਾਜਪਾਲ ਬਠਿੰਡਾ, ਮੁੱਖ ਸੰਪਾਦਕ ਤਰਕਸ਼ੀਲ ਮੈਗਜ਼ੀਨ (ਹਿੰਦੀ) ਕੁਲਜੀਤ ਡੰਗਰਖੇੜਾ, ਸਾਹਿਤ ਵਿਭਾਗ ਰਾਮ ਸਵਰਨ ਲੱਖੇਵਾਲੀ, ਪ੍ਰਿੰਟਿੰਗ ਵਿਭਾਗ ਸੁਖਵਿੰਦਰ ਬਾਗਪੁਰ, ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਜਸਵੰਤ ਮੋਹਾਲੀ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਜੁਝਾਰ ਲੌਂਗੋਵਾਲ, ਕਾਨੂੰਨ ਵਿਭਾਗ ਜਸਵਿੰਦਰ ਫਗਵਾੜਾ, ਵਿਦਿਆਰਥੀ ਚੇਤਨਾ ਵਿਭਾਗ ਗੁਰਪ੍ਰੀਤ ਸ਼ਹਿਣਾ,ਸਾਹਿਤ ਵੈਨ ਵਿਭਾਗ ਮੋਹਨ ਬਡਲਾ, ਸੋਸ਼ਲ ਮੀਡੀਆ ਵਿਭਾਗ ਸੁਰਜੀਤ ਟਿੱਬਾ ਅਤੇ ਦਫਤਰ ਸਕੱਤਰ ਲਈ ਹੇਮ ਰਾਜ ਸਟੈਨੋਂ ਚੁਣੇ ਗਏ।

ਇਸ ਤੋਂ ਪਹਿਲੇ ਸੈਸ਼ਨ ਵਿੱਚ ਸੂਬਾ ਕਾਰਜਕਾਰਨੀ ਵੱਲੋਂ ਪਿਛਲੇ ਸੈਸ਼ਨ ਦੀ ਦੋ ਸਾਲਾ ਰੀਵੀਊ ਰਿਪੋਰਟ ਅਤੇ ਅਗਲੇ ਦੋ ਸਾਲ ਲਈ ਕਾਰਜ ਵਿਉਂਤਬੰਦੀ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਉੱਤੇ ਵੱਖ ਵੱਖ ਜੋਨਾਂ ਅਤੇ ਇਕਾਈਆਂ ਨਾਲ ਸੰਬੰਧਿਤ ਡੈਲੀਗੇਟਾਂ ਬਲਬੀਰ ਲੌਂਗੋਵਾਲ, ਮਾਸਟਰ ਪਰਮਵੇਦ ਸੰਗਰੂਰ, ਸਤ ਪਾਲ ਸਲੋਹ,ਜਸਵੰਤ ਜੀਰਖ,ਗੁਰਮੀਤ ਖਰੜ,ਰਾਮ ਕੁਮਾਰ ਪਟਿਆਲਾ, ਅਜੀਤ ਪ੍ਰਦੇਸੀ,ਸੰਦੀਪ ਧਾਰੀਵਾਲ ਭੋਜਾਂ,ਕੁਲਵੰਤ ਕੌਰ, ਭੂਰਾ ਸਿੰਘ ਮਹਿਮਾਸਰਜਾ, ਜੁਝਾਰ ਲੌਂਗੋਵਾਲ, ਦੀਪ ਦਿਲਬਰ, ਰਾਮ ਸਿੰਘ ਨਿਰਮਾਣ,ਗਗਨ ਰਾਮਪੁਰਾ, ਮਾਸਟਰ ਜਗਦੀਸ਼ ਰਾਏਪੁਰ ਡਿੱਬਾ, ਮੁਖਤਿਆਰ ਗੋਪਾਲਪੁਰ, ਜਸਪਾਲ ਬਾਸਰਕੇ, ਕੁਲਵਿੰਦਰ ਨਗਾਰੀ ਆਦਿ ਨੇ ਉਸਾਰੂ ਵਿਚਾਰ ਵਟਾਂਦਰਾ ਕਰਦਿਆਂ ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਚ ਸਮੂਹ ਇਕਾਈਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ ,ਤਰਕਸ਼ੀਲ ਟੀ ਵੀ , ਕਾਨੂੰਨ ਵਿਭਾਗ ਤੇ ਸ਼ੋਸ਼ਲ ਮੀਡੀਆ ਵਿਭਾਗ ਨੂੰ ਹੋਰ ਸਰਗਰਮ ਕਰਨ ਅਤੇ ਤਰਕਸ਼ੀਲ ਸਾਹਿਤ ਵੈਨ ਦੇ ਸਾਲਾਨਾ ਪ੍ਰੋਗਰਾਮ ਤੋਂ ਇਲਾਵਾ ਇਕਾਈ ਪੱਧਰ ਤੇ ਮੀਟਿੰਗਾਂ, ਪਰਿਵਾਰਕ ਮਿਲਣੀਆਂ, ਪਾਠਕ ਮਿਲਣੀਆਂ ,ਚੇਤਨਾ ਸੈਮੀਨਾਰਾਂ ਅਤੇ ਸਿਖਲਾਈ ਵਰਕਸ਼ਾਪਾਂ ਦੀ ਲਗਾਤਾਰਤਾ ਬਣਾਈ ਰੱਖਣ ਅਤੇ ਵਧ ਤੋਂ ਵਧ ਔਰਤਾਂ, ਵਿਦਿਆਰਥੀਆਂ, ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਆਦਿ ਖੇਤਰਾਂ ਵਿਚ ਹੋਰ ਵਧ ਸਰਗਰਮ ਹੋਣ ਦੀ ਲੋੜ ਉਤੇ ਜੋਰ ਦਿੱਤਾ ਗਿਆ।

ਇਸ ਮੌਕੇ ਪੰਜਾਬ ਸਮੇਤ ਦੇਸ਼ ਵਿਚ ਦਿਨੋਂ ਦਿਨ ਵਧ ਰਹੇ ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਜਮਹੂਰੀ ਹੱਕਾਂ ਦੀ ਉਲੰਘਣਾ , ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਦੇ ਹਮਲਿਆਂ ਦੇ ਖਿਲਾਫ਼ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜੀ ਨਾਲ ਵਿਕਸਤ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜੱਥੇਬੰਦਕ ਯਤਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ।

# ਦੀਨ ਦੁਖੀਆਂ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ : ਅਵਿਨਾਸ਼ ਰਾਣਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 8 ਅਪ੍ਰੈਲ (ਜਗਸੀਰ ਲੌਂਗੋਵਾਲ) -ਅੱਜ ਬਾਬਾ ਸਾਹਿਬ ਦਾਸ ਬਿਰਧ ਆਸ਼ਰਮ ਘਰਾਂਚੋਂ ਵਿਖੇ ਸੀਐਮਓ ਸੰਗਰੂਰ ਦੀਆਂ ਹਦਾਇਤਾਂ ਅਨੁਸਾਰ ਬਿਰਧ ਆਸ਼ਰਮ ਦੇ ਮਰੀਜ਼ਾਂ ਅਤੇ ਬਜ਼ੁਰਗਾਂ ਦੇ ਚੈੱਕ ਅਪ ਲਈ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ, ਇਸ ਕੈਂਪ ਵਿੱਚ ਹੈਲਥ ਵਿਭਾਗ ਦੀ ਮੋਬਾਇਲ ਬੈਨ ਅਤੇ ਟੈਸਟ ਲੈਬ ਘਰਾਚੋਂ ਬਿਰਧ ਆਸ਼ਰਮ ਵਿੱਚ ਪਹੁੰਚੀ, ਇੱਥੇ ਰਹਿੰਦੇ ਸਾਰੇ ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ। ਇਸ ਮੌਕੇ ਪ੍ਰੈਸ ਨਾਲ ਗੱਲ ਕਰਦੇ ਹੋਏ ਇਸ ਟੀਮ ਦੇ ਮੁਖੀ ਡਾਕਟਰ ਡੀਐਨ ਬਸਿਸਟ ਨੇ ਦੱਸਿਆ ਕਿ ਇਥੇ ਰਹਿੰਦੇ ਮਰੀਜ਼ਾਂ ਵਿੱਚ ਜਿਆਦਾਤਰ ਜੋੜਾਂ ਦੇ ਦਰਦ ਅਤੇ ਕੁਝ ਮਰੀਜ਼ ਮਾਨਸਿਕ ਪਰੇਸ਼ਾਨੀਆ ਬਾਲੇ ਹਨ ਜਿੰਨਾਂ ਸਾਰੇ ਮਰੀਜ਼ਾਂ ਦਾ ਮੈਡੀਕਲ ਚੈਕਅਪ ਕੀਤਾ ਗਿਆ ਅਤੇ ਇਹਨਾਂ ਦੇ ਟੈਸਟ ਵੀ ਕੀਤੇ ਗਏ ਅਤੇ ਮੌਕੇ ਤੇ ਹੀ ਦਵਾਈਆਂ ਦੇ ਦਿੱਤੀਆਂ ਗਈਆਂ, ਇਸ ਸਮੇਂ ਬਿਰਧ ਆਸ਼ਰਮ ਦੇ ਚੇਅਰਮੈਨ ਅਵਿਨਾਸ਼ ਰਾਣਾ ਨੇ ਪ੍ਰੈਸ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਇਸ ਬਿਰਧ ਆਸ਼ਰਮ ਵਿੱਚ ਬਹੁਤ ਸਾਰੇ ਅਜਿਹੇ ਬਜ਼ੁਰਗ ਹਨ ਜੋ ਆਪਦੀ ਨਿੱਤ ਕਿਰਿਆ ਵੀ ਨਹੀਂ ਕਰ ਸਕਦੇ ,ਉਹਨਾਂ ਨੂੰ ਸਮੇਂ ਸਮੇਂ ਤੇ ਸਰਕਾਰੀ ਹਸਪਤਾਲ ਸੰਗਰੂਰ, ਡਿਸਪੈਂਸਰੀ ਘਰਾਂਚੋਂ, ਹੈਲਥ ਵਿਭਾਗ ਅਤੇ ਅਪੋਲੋ ਹਸਪਤਾਲ ਵੱਲੋਂ ਦਵਾਈਆਂ ਮੁਹਈਆ ਕਰਵਾਈਆਂ ਜਾਂਦੀਆਂ ਹਨ, ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਕਿਹਾ ਕਿ ਇੱਥੇ ਰਹਿਣ ਵਾਲੇ ਮਰੀਜ਼ਾਂ ਦੀ ਸੇਵਾ ਸੰਭਾਲ ਬਿਲਕੁਲ ਮੁਫਤ ਕੀਤੀ ਜਾਂਦੀ ਹੈ, ਉਹਨਾਂ ਕਿਹਾ ਕਿ ਜੇਕਰ ਕੋਈ ਲੋੜਵੰਦ ਵਿਅਕਤੀ ਇਥੇ ਆਉਣਾ ਚਾਹੇ ਤਾਂ ਸਾਡੀ ਟੀਮ ਨੂੰ ਕਿਸੇ ਵੀ ਸਮੇਂ ਸੰਪਰਕ ਕਰ ਸਕਦਾ ਹੈ, ਇਸ ਸਮੇਂ ਹਿਊਮਨ ਰਾਈਟਸੈਲ ਦੀ ਕੋ ਕਨਵੀਨਰ ਰੇਨੂ ਰਾਣਾ ਨੇ ਆਏ ਹੋਏ ਸਾਰੇ ਡਾਕਟਰਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਦਵਾਈਆਂ ਹੈਲਥ ਵਿਭਾਗ ਵੱਲੋਂ ਦਿੱਤੀਆਂ ਅਤੇ ਜੋ ਦਵਾਈਆਂ ਉਹਨਾਂ ਵੱਲੋਂ ਲਿਖ ਕੇ ਦਿੱਤੀਆਂ ਗਈਆਂ ਉਹ ਵੀ ਮਰੀਜ਼ਾਂ ਨੂੰ ਮੁਹਈਆ ਕਰਵਾ ਦਿੱਤੀਆਂ ਇਸ ਸਮੇਂ ਹੈਲਥ ਵਿਭਾਗ ਦੇ ਪ੍ਰਵੀਨ ਰਾਣੀ ਲਵਪ੍ਰੀਤ ਸਿੰਘ ਕਮਲਦੀਪ ਕੌਰ ਨਿਰਮਲ ਸਿੰਘ ਆਦਿ ਤੋਂ ਇਲਾਵਾ ਆਸ਼ਰਮ ਦੇ ਸਾਰੇ ਬਜ਼ੁਰਗ, ਸਟਾਫ ਮੈਂਬਰ ਅਤੇ ਪਿੰਡ ਦੇ ਪਤਵੰਤੇ ਸੱਜਣ ਵੀ ਸ਼ਾਮਿਲ ਸਨ ।

# ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ 'ਭਾਰਤ ਦੀ ਵਧਦੀ ਬਜ਼ੁਰਗ ਆਬਾਦੀ ਦੀਆਂ ਚੁਣੌਤੀਆਂ' ਵਿਸ਼ੇ 'ਤੇ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ ਕਰਵਾਈ ਗਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਬਠਿੰਡਾ, 8 ਅਪ੍ਰੈਲ (ਅੰਗਰੇਜ ਸਿੰਘ ਵਿੱਕੀ)- ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ਵਾਈਸ ਚਾਂਸਲਰ, ਪ੍ਰੋ.ਰਾਘਵੇਂਦਰ ਪ੍ਰਸਾਦ ਤਿਵਾਰੀ ਦੀ ਸਰਪ੍ਰਸਤੀ ਹੇਠ ਅਪ੍ਰੈਲ 2025 ਦੇ ਪਹਿਲੇ ਹਫ਼ਤੇ 'ਭਾਰਤ ਦੀ ਵਧਦੀ ਬਜ਼ੁਰਗ ਆਬਾਦੀ ਦੀਆਂ ਚੁਣੌਤੀਆਂ' ਵਿਸ਼ੇ ਤੇ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ' ਦਾ ਆਯੋਜਨ ਕੀਤਾ ਗਿਆ। ਭਾਰਤ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੇ ਰਾਸ਼ਟਰੀ ਸਮਾਜਿਕ ਰੱਖਿਆ ਸੰਸਥਾਨ ਦੁਆਰਾ ਸਪਾਂਸਰ ਇਸ ਪ੍ਰੋਗਰਾਮ ਦਾ ਉਦੇਸ਼ ਭਾਰਤ ਵਿੱਚ ਬਜ਼ੁਰਗ ਵਿਅਕਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਅਤੇ ਖੋਜ-ਅਧਾਰਿਤ ਹੱਲ ਲੱਭਣ ਲਈ ਇੱਕ ਰਾਸ਼ਟਰੀ ਪਲੇਟਫਾਰਮ ਪ੍ਰਦਾਨ ਕਰਨਾ ਸੀ।ਉਦਘਾਟਨੀ ਸੈਸ਼ਨ ਵਿੱਚ ਐਮ.ਆਰ.ਐਸ.ਪੀ. ਟੀ.ਯੂ. ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਬੂਟਾ ਸਿੰਘ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਆਪਣਾ ਉਦਘਾਟਨੀ ਭਾਸ਼ਣ ਦਿੱਤਾ। ਕਾਨਫਰੰਸ ਵਿੱਚ ਸ਼੍ਰੀਮਤੀ ਤਾਨਿਆ ਸੇਨਗੁਪਤਾ (ਐਨਆਈਐਸਡੀ),ਪ੍ਰੋ.ਰਵੀ ਇੰਦਰ ਸਿੰਘ (ਯੂ.ਬੀ.ਐੱਸ., ਪੰਜਾਬ ਯੂਨੀਵਰਸਿਟੀ, ਲੁਧਿਆਣਾ), ਪ੍ਰੋ. ਅੰਜਨਾ ਮੁਨਸ਼ੀ (ਡਾਇਰੈਕਟਰ, ਰਿਸਰਚ ਐਂਡ ਡਿਵੈਲਪਮੈਂਟ ਸੈੱਲ, ਸੀ.ਯੂ. ਪੰਜਾਬ), ਡਾ. ਅਭੈ ਜੈਨ (ਸ੍ਰੀ ਰਾਮ ਕਾਲਜ, ਦਿੱਲੀ ਯੂਨੀਵਰਸਿਟੀ, ਸੰਦੂਕਪੁਰ, ਡੀ. ਯੂਨੀਵਰਸਿਟੀ), ਪ੍ਰੋ. ਰਾਜਕੁਮਾਰ ਸ਼ਰਮਾ (ਵਿੱਤ ਅਫ਼ਸਰ, ਸੀ.ਯੂ. ਪੰਜਾਬ), ਪ੍ਰੋ. ਬਾਵਾ ਸਿੰਘ (ਡਿਪਾਰਟਮੈਂਟ ਆਫ਼ ਸਾਊਥ ਐਂਡ ਸੈਂਟਰਲ ਏਸ਼ੀਅਨ ਸਟੱਡੀਜ਼, ਸੀ.ਯੂ. ਪੰਜਾਬ) ਅਤੇ ਪ੍ਰੋ. ਮੋਨੀਸ਼ਾ ਧੀਮਾਨ (ਡਾਇਰੈਕਟਰ, ਆ ਈ . ਕਿ ਉ . ਏ . ਸੀ . , ਸੀ.ਯੂ. ਪੰਜਾਬ) ਮਹਿਮਾਨ ਬੁਲਾਰੇ ਸਨ। ਸਮਾਪਤੀ ਸੈਸ਼ਨ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋ. ਨਵਕਿਰਨਜੀਤ ਕੌਰ ਢਿੱਲੋਂ ਨੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ।ਇਸ ਦੋ-ਰੋਜ਼ਾ ਰਾਸ਼ਟਰੀ ਕਾਨਫਰੰਸ ਦੀ ਸ਼ੁਰੂਆਤ ਸੀਯੂ ਪੰਜਾਬ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਸੰਜੀਵ ਠਾਕੁਰ ਦੇ ਸਵਾਗਤੀ ਭਾਸ਼ਣ ਨਾਲ ਹੋਈ। ਪ੍ਰੋ. ਆਨੰਦ ਠਾਕੁਰ ਨੇ ਕਾਨਫਰੰਸ ਦੇ ਥੀਮ ਤੇ ਚਾਨਣਾ ਪਾਇਆ ਅਤੇ ਇਸ ਕਾਨਫਰੰਸ ਵਿੱਚ ਭਾਗ ਲੈ ਰਹੇ 190 ਭਾਗੀਦਾਰਾਂ ਦਾ ਧੰਨਵਾਦ ਕੀਤਾ।ਇਹ ਦੋ-ਦਿਨਾ ਰਾਸ਼ਟਰੀ ਕਾਨਫਰੰਸ ਦੀ ਬਜ਼ੁਰਗ ਵਿਅਕਤੀਆਂ ਦੀ ਭਲਾਈ, ਇੱਜ਼ਤ ਅਤੇ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮਾਵੇਸ਼ੀ ਨੀਤੀਆਂ, ਪਹੁੰਚਯੋਗ ਸਿਹਤ ਸੇਵਾਵਾਂ ਅਤੇ ਮਜ਼ਬੂਤ ਅੰਤਰ-ਪੀੜ੍ਹੀ ਸੰਬੰਧਾਂ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਸਮਾਪਤ ਹੋਈ।

# ਇਤਿਹਾਸਿਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਮੋਰਿੰਡਾ 8 ਅਪ੍ਰੈਲ,(ਪਤਰ ਪ੍ਰੇਰਕ,) ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਿਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਕਥਾ ਅਤੇ ਕੀਰਤਨ ਦਰਬਾਰ ਕਰਵਾਇਆ ਗਿਆ। ਇਹ ਧਾਰਮਿਕ ਸਮਾਗਮ ਡੇਰਾ ਕਾਰ ਸੇਵਾ ਮੁੱਖੀ ਬਾਬਾ ਸੁਰਿੰਦਰ ਸਿੰਘ ਦਿੱਲੀ ਵਾਲਿਆਂ ਦੀ ਸੁਪਰਸਤੀ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਮੇ ਹੈਡ ਗ੍ਰੰਥੀ ਭਾਈ ਹਰਵਿੰਦਰ ਸਿੰਘ ਮਨੈਲੀ ਵੱਲੋਂ ਕਥਾ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਤੋਂ ਉਪਰੰਤ ਪ੍ਰਸਿਧ ਢਾਡੀ ਗੁਰਦਿਆਲ ਸਿੰਘ ਹੀਰਾ ਮਾਛੀਵਾੜੇ ਵਾਲੇ ਦੇ ਜਥੇ ਨੇ ਭਾਈ ਸੈਦਾ ਜੀ ਦਾ ਇਤਿਹਾਸ,ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ । ਇਸੇ ਤਰ੍ਹਾਂ ਭਾਈ ਹਰਵਿੰਦਰ ਸਿੰਘ ਜਵੱਧੀ ਟਕਸਾਲ ਦੇ ਜਥੇ ਵਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਸਮੂਹ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਨਾਮ ਜਪਣ, ਵੰਡ ਛਕਣ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਦੀ ਅਪੀਲ ਕੀਤੀ। ਸੈਂਕੜੇ ਸ਼ਰਧਾਲੂ ਸੰਗਤਾਂ ਸਵੇਰ ਤੋਂ ਹੀ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰ ਰਹੀਆਂ ਸਨ। ਸਮਾਗਮ ਦੇ ਅੰਤ ਵਿੱਚ ਪ੍ਰਬੰਧਕਾਂ ਵਲੋਂ ਇਸ ਸਮਾਗਮ ਵਿੱਚ ਹਾਜ਼ਰੀ ਲਗਵਾਉਣ ਵਾਲੇ ਰਾਗੀ, ਢਾਡੀ ਜਥਿਆਂ ਅਤੇ ਪਤਵੰਤੇ ਸੱਜਣਾ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਬਲਜਿੰਦਰ ਸਿੰਘ ਸਾਬਕਾ ਸਰਪੰਚ ਰੋਣੀ,ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ਼ੇਰ ਸਿੰਘ ਡੂਮਛੇੜੀ , ਗੁਰਮੁਖ ਸਿੰਘ ਸੰਤ ਨਗਰ , ਨਵਤੇਜ ਸਿੰਘ ਤੇਜੀ, ਗੁਰਮੀਤ ਸਿੰਘ ਮੋਰਿੰਡਾ, ਗੁਰਪ੍ਰੀਤ ਸਿੰਘ ਬਾਲਸੰਡਾ,ਪ੍ਰਗਟ ਸਿੰਘ ਰੌਲੂ ਮਾਜਰਾ, ਸੰਤ ਸਿੰਘ, ਬਾਬਾ ਕੇਸਰ ਸਿੰਘ ਮਨੈਲੀ ਹਾਜ਼ਰ ਸਨ ਇਸ ਮੌਕੇ ਸੰਗਤਾਂ ਲਈ ਗੁਰ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰਿਦੁਆਰ ਵਿਖੇ ਲਗਾਇਆ ਮੁਫਤ ਮੈਡੀਕਲ ਕੈਂਪ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ/ ਹਰਿਦੁਆਰ 8 ਅਪ੍ਰੈਲ (ਤਰਸੇਮ ਦੀਵਾਨਾ ) ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਵਿਖੇ ਸੰਗਤਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ ਜਿਸਦਾ ਸੰਤਾਂ, ਮਹਾਂਪੁਰਸ਼ਾਂ ਨੇ ਕੀਤਾ। ਇਸ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਬਲੱਡ ਪ੍ਰੈਸ਼ਰ, ਸ਼ੂਗਰ, ਯੂਰਿਕ ਐਸਡ ਅਤੇ ਹੋਰ ਕਈ ਬਿਮਾਰੀਆਂ ਦੇ ਚੈਕਅੱਪ ਕਰਕੇ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਸੈਂਕੜੇ ਸੰਗਤਾਂ ਨੇ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਦਾ ਲਾਭ ਲਿਆ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਦੀ ਸਰਪ੍ਰਸਤੀ ਹੇਠ ਅਤੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਦੀ ਦੇਖ ਰੇਖ ਹੇਠ ਹਜਾਰਾਂ ਸੰਗਤਾਂ ਵੱਖ ਵੱਖ ਸੂਬਿਆਂ ਤੋਂ ਸਮਾਗਮਾਂ ਵਿੱਚ ਸ਼ਰਧਾ ਪੂਰਵਕ ਸ਼ਾਮਲ ਹੋਈਆਂ। ਇਸ ਮੌਕੇ ਸੰਤ ਬਲਵੰਤ ਸਿੰਘ, ਮਹੰਤ ਪ੍ਰਸ਼ੋਤਮ ਲਾਲ , ਸੰਤ ਧਰਮਪਾਲ, ਸੰਤ ਰਮੇਸ਼ ਦਾਸ , ਸੰਤ ਜਗੀਰ ਸਿੰਘ, ਸੰਤ ਪ੍ਰਗਟ ਨਾਥ ਬਾਲਯੋਗੀ, ਸੰਤ ਵਿਨੈ ਮੁਨੀ ਜੰਮੂ, ਸੰਤ ਜਸਵੰਤ ਦਾਸ , ਸੰਤ ਕੁਲਦੀਪ ਦਾਸ, ਸੰਤ ਬੀਬੀ ਕੁਲਦੀਪ ਕੌਰ , ਸੰਤ ਬੀਬੀ ਕਮਲੇਸ਼ ,ਸੰਤ ਬਲਕਾਰ ਸਿੰਘ , ਸੰਤ ਹਰਮੀਤ ਸਿੰਘ, ਪ੍ਰੀਤ ਰਵਿਦਾਸੀਆ , ਸੰਤ ਭਗਵਾਨ ਦਾਸ, ਸੰਤ ਦਿਲਦਾਰ ਸਿੰਘ, ਸੰਤ ਸਤੀਸ਼ ਦਾਸ , ਸੰਤ ਗੁਰਨਾਮ ਦਾਸ ਪ, ਸੰਤ ਗੁਰਮੀਤ ਦਾਸ, ਰਜੇਸ਼ ਦਾਸ, ਸੰਤ ਮਨੋਹਰ ਦਾਸ ਵੀ ਹਾਜਰ ਸਨ। ਇਸ ਮੌਕੇ ਡਾ. ਰਾਹੁਲ ਭਾਰਤੀ ਰਾਸ਼ਟਰੀ ਪ੍ਰਧਾਨ ਸਮਾਜਵਾਦੀ ਪਾਰਟੀ, ਆਸ਼ੂ ਨਿਰਮਲ , ਰਾਜਵੀਰ ਸਿੰਘ ਇੰਸਪੈਕਟਰ ਗਾਜ਼ੀਆਬਾਦ, ਪੁਸ਼ਪਿੰਦਰ ਰਾਵਤ , ਰਾਮ ਕੁਮਾਰ ਰਾਣਾ, ਬਿਰਜੇਸ਼ ਕੁਮਾਰ ਜਿਲਾ ਪ੍ਰਧਾਨ ਬਸਪਾ ਹਰਿਦੁਆਰ, ਵਿਜੇ ਪਾਲ ਸਿੰਘ ਵੀ ਹਾਜਰ ਸਨ।

# ਸਾਬਕਾ ਕੌਂਸਲਰ ਅਸ਼ੋਕ ਮੈਹਿਰਾ 'ਤੇ ਜੋਧਾਮੱਲ ਦੀ ਜ਼ਮੀਨ 'ਤੇ ਕਬਜ਼ਾ ਕਰਨ ਅਤੇ ਉਸਾਰੀ ਕਰਨ ਦਾ ਦੋਸ਼ !

## -ਮੈਹਿਰਾ ਨੇ ਦੋਸ਼ਾਂ ਨੂੰ ਨਕਾਰਿਆ ਕਿਹਾ ਮੇਰੇ ਕੋਲ ਇੱਕ ਰਜਿਸਟਰੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com





ਹੁਸ਼ਿਆਰਪੁਰ 8 ਅਪ੍ਰੈਲ (ਤਰਸੇਮ ਦੀਵਾਨਾ) ਹਲਕਾ ਹੁਸ਼ਿਆਰਪੁਰ ਤੋਂ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਦੇ ਕਰੀਬੀ ਕੌਂਸਲਰ ਅਸ਼ੋਕ ਮਹਿਰਾ 'ਤੇ ਗੌਤਮ ਨਗਰ ਇਲਾਕੇ ਵਿੱਚ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਨ ਅਤੇ ਉਸਾਰੀ ਕਰਨ ਦਾ ਦੋਸ਼ ਹੈ। ਜਿਸ ਕਾਰਨ ਰਾਜਨੀਤਿਕ ਹਲਕਿਆਂ ਵਿੱਚ ਚਰਚਾਵਾਂ ਗਰਮ ਹੋ ਗਈਆਂ ਹਨ। ਦੂਜੇ ਪਾਸੇ, ਮਹਿਰਾ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਰਜਿਸਟਰੀ ਉਨ੍ਹਾਂ ਕੋਲ ਹੈ।ਜਾਣਕਾਰੀ ਅਨੁਸਾਰ ਮੁਹੱਲਾ ਬਸੀ ਖਵਾਜੂ ਦੇ ਵਸਨੀਕ ਪੰਕਜ ਨੇ ਨਿਗਮ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਹੈ। ਸ਼ਿਕਾਇਤ ਵਿੱਚ, ਉਸਨੇ ਕਿਹਾ ਕਿ ਐਸਏਵੀ ਜੈਨ ਡੇ-ਬੋਰਡਿੰਗ ਦੇ ਨੇੜੇ ਗੌਤਮ ਨਗਰ ਵਿੱਚ ਨੂਰ ਬਿਊਟੀ ਪਾਰਲਰ ਦੇ ਪਿਛਲੇ ਪਾਸੇ ਇੱਕ ਖਾਲੀ ਪਲਾਟ (17*85) ਹੈ, ਜਿਸ 'ਤੇ ਅਸ਼ੋਕ ਮਹਿਰਾ ਨੇ ਨਾਜਾਇਜ਼ ਕਬਜ਼ਾ ਕਰ ਲਿਆ ਹੈ ਅਤੇ ਉਸਾਰੀ ਕਰ ਰਿਹਾ ਹੈ। ਉਸਨੇ ਕਿਹਾ ਕਿ ਉਸਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ ਸੀ, ਪਰ ਉਹ ਉਨ੍ਹਾਂ ਨੂੰ ਧਮਕੀਆ ਦਿੰਦਾ ਕਹਿ ਰਿਹਾ ਹੈ ਕਿ ਤੁਸੀਂ ਜੋ ਕਰਨਾ ਹੈ ਕਰ ਲਓ ਰਜਿਸਟਰੀ ਮੇਰੇ ਪਾਸ ਹੈ ਇਸ ਪਲਾਟ ਦੀ ਪੰਕਜ ਨੇ ਦੱਸਿਆ ਕਿ ਉਸਨੇ ਪਹਿਲਾਂ ਇਸ ਸਬੰਧ ਵਿੱਚ ਸਿਟੀ ਪੁਲਿਸ ਸਟੇਸ਼ਨ (10 ਮਾਰਚ, 2025 ਨੂੰ) ਸ਼ਿਕਾਇਤ ਦਰਜ ਕਰਵਾਈ ਸੀ। ਪੰਕਜ ਨੇ ਨਿਗਮ ਕਮਿਸ਼ਨਰ ਨੂੰ ਉਕਤ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ।

ਜਾਣਕਾਰੀ ਅਨੁਸਾਰ ਜਿਸ ਪਲਾਟ ਦੀ ਗੱਲ ਕੀਤੀ ਜਾ ਰਹੀ ਹੈ, ਉਹ ਜਤਿੰਦਰ ਲਾਲ ਪੁੱਤਰ ਬਿਸ਼ਨ ਲਾਲ ਪੁੱਤਰ ਰਾਏ ਬਹਾਦਰ ਜੋਧਾ ਮੱਲ ਦੇ ਨਾਮ 'ਤੇ ਹੈ ਅਤੇ ਇਸਦਾ ਖਸਰਾ ਨੰਬਰ 144 ਦੱਸਿਆ ਜਾਂਦਾ ਹੈ। ਜਦੋਂ ਕਿ ਜਿਸ ਜ਼ਮੀਨ ਨੂੰ ਅਸ਼ੋਕ ਮਹਿਰਾ ਨੇ ਖਰੀਦਿਆ ਦੱਸਿਆ ਜਾਂਦਾ ਹੈ, ਉਸਦਾ ਖਸਰਾ ਨੰਬਰ 143 ਹੈ ਅਤੇ ਉਸ ਕੋਲ ਸਿਰਫ 1.5 ਮਰਲੇ ਦੀ ਰਜਿਸਟਰੀ ਹੈ, ਜੋ ਕਿ ਕਿਸੇ ਹੋਰ ਜਗ੍ਹਾ 'ਤੇ ਹੈ। ਪਰ ਇਸ ਬਹਾਨੇ, ਮਹਿਰਾ ਕਥਿਤ ਤੌਰ 'ਤੇ ਉਕਤ ਜਗ੍ਹਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜਿਸ ਕਾਰਨ ਉਕਤ ਮਾਲਕਾਂ ਦੇ ਜਾਣਕਾਰ ਸ਼ਿਕਾਇਤਾਂ ਦਰਜ ਕਰਵਾ ਰਹੇ ਹਨ ਅਤੇ ਕਾਰਵਾਈ ਦੀ ਮੰਗ ਕਰ ਰਹੇ ਹਨ। ਨਿਗਮ ਤੋਂ ਇਹ ਵੀ ਪਤਾ ਲੱਗਾ ਹੈ ਕਿ ਸ਼ਿਕਾਇਤ ਤੋਂ ਬਾਅਦ ਅਧਿਕਾਰੀਆਂ ਵੱਲੋਂ ਕੰਮ ਬੰਦ ਕਰ ਦਿੱਤਾ ਗਿਆ ਸੀ ਅਤੇ ਮਹਿਰਾ ਕਹਿ ਰਹੇ ਸਨ ਕਿ ਨਕਸ਼ਾ ਲਾਗੂ ਹੋ ਗਿਆ ਹੈ, ਪਰ ਉਸ ਬਾਰੇ ਵੀ ਅਜੇ ਸਪੱਸ਼ਟ ਨਹੀਂ ਕੀਤਾ ਗਿਆ ਹੈ। ਪੰਕਜ ਨੇ ਕਿਹਾ ਕਿ ਮਹਿਰਾ ਆਪਣੇ ਅਹੁਦੇ ਅਤੇ ਪ੍ਰਭਾਵ ਦਾ ਗੈਰ-ਕਾਨੂੰਨੀ ਫਾਇਦਾ ਉਠਾ ਕੇ ਇਸ ਖਾਲੀ ਜਗ੍ਹਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਉਹ ਕਿਸੇ ਵੀ ਹਾਲਤ ਵਿੱਚ ਸਫਲ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਅਸਲ ਮਾਲਕ ਵੀ ਕੁਝ ਦਿਨਾਂ ਵਿੱਚ ਇੱਥੇ ਆ ਜਾਵੇਗਾ ਅਤੇ ਉਸ ਤੋਂ ਬਾਅਦ ਸਾਰੀ ਸੱਚਾਈ ਸਾਹਮਣੇ ਆ ਜਾਵੇਗੀ ਕਿ ਉਕਤ ਜਗ੍ਹਾ ਦਾ ਮਾਲਕ ਕੌਣ ਹੈ।

ਜਦੋਂ ਇਸ ਸਬੰਧੀ ਕੌਂਸਲਰ ਅਸ਼ੋਕ ਮਹਿਰਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਕਤ ਜਗ੍ਹਾ ਦੀ ਰਜਿਸਟਰੀ 3-4 ਮਹੀਨੇ ਪਹਿਲਾਂ ਕਰਵਾਈ ਸੀ ਅਤੇ ਉਹ ਫਰਦ ਲੈਣ ਲਈ ਤਹਿਸੀਲ ਆਏ ਸਨ। ਜਦੋਂ ਉਨ੍ਹਾਂ ਪੁੱਛਿਆ ਗਿਆ ਕਿ ਜ਼ਮੀਨ ਕਿੰਨੀ ਹੈ ਅਤੇ ਉਸਨੇ ਇਸਨੂੰ ਕਿਸ ਤੋਂ ਖਰੀਦਿਆ ਹੈ, ਤਾਂ ਉਹ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕਿਆ ਅਤੇ ਕਿਹਾ ਕਿ ਉਹ ਡੀਡ ਦੇਖਣ ਤੋਂ ਬਾਅਦ ਹੀ ਮਾਲਕ ਦਾ ਨਾਮ ਦੱਸੇਗਾ।

# ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਦੂਜਾ ਅੰਕ ਲੋਕ ਅਰਪਣ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 9463601616
hardipchumber57@gmail.com



ਪਟਿਆਲਾ, 8 ਅਪ੍ਰੈਲ (ਅੰਗਰੇਜ਼ ਸਿੰਘ ਵਿੱਕੀ) ਪੰਜਾਬੀ ਯੂਨੀਵਰਸਿਟੀ ਕਾਲਜ ਘਨੌਰ ਦੇ ਵਿਦਿਆਰਥੀ ਮੈਗਜ਼ੀਨ 'ਵੀਚਾਰ' ਦਾ ਦੂਜਾ ਅੰਕ ਪੰਜਾਬੀ ਯੂਨੀਵਰਸਿਟੀ ਵਿਖੇ ਡਾਇਰੈਕਟਰ ਕਾਂਸਟੀਚੂਐਂਟ ਕਾਲਜ ਡਾ.ਜਸਵਿੰਦਰ ਸਿੰਘ ਵੱਲੋਂ ਲੋਕ ਅਰਪਣ ਕੀਤਾ ਗਿਆ।ਡਾ. ਜਸਵਿੰਦਰ ਨੇ ਇਸ ਮੌਕੇ ਸਮੂਹ ਕਾਲਜ ਅਤੇ ਸੰਪਾਦਕੀ ਬੋਰਡ ਦੀ ਟੀਮ ਨੂੰ ਇਸ ਸੁਚੱਜੇ ਕਾਰਜ ਲਈ ਵਧਾਈ ਦਿੱਤੀ। ਉਹਨਾਂ ਮੈਗਜ਼ੀਨ ਦੇ ਮਿਆਰ ਅਤੇ ਡਿਜ਼ਾਇਨ ਦੀ ਵਿਸ਼ੇਸ਼ ਤੌਰ ਉੱਤੇ ਪ੍ਰਸ਼ੰਸਾ ਕੀਤੀ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਉੱਦਮ ਸਾਡੇ ਕਾਲਜਾਂ ਦੀ ਸਿਖਿਆ ਬਾਰੇ ਪ੍ਰਤਿਬੱਧਤਾ ਅਤੇ ਨਜ਼ਰੀਏ ਦੇ ਪ੍ਰਮਾਣ ਹਨ। ਕਾਲਜ ਪ੍ਰਿੰਸੀਪਲ ਡਾ.ਲਖਬੀਰ ਸਿੰਘ ਨੇ ਕਿਹਾ ਕਿ ਸਾਡਾ ਮਕਸਦ ਹੈ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਨਾਲ ਅਤੇ ਲੇਖਣ ਨਾਲ ਜੋੜਿਆ ਜਾਵੇ ਤਾਂ ਜੋ ਉਹ ਆਪਣੇ ਬਾਰੇ ਅਤੇ ਆਪਣੇ ਸੰਸਾਰ ਬਾਰੇ ਵਧੇਰੇ ਸੁਚੇਤ ਹੋ ਕੇ ਸੋਚ ਸਕਣ। ਮੈਗਜ਼ੀਨ ਦੇ ਮੁੱਖ ਸੰਪਾਦਕ ਡਾਕਟਰ ਰਵਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਇਸ ਵੇਲੇ ਨੌਜਵਾਨ ਪੀੜ੍ਹੀ ਇੱਕ ਵੱਡੇ ਦੁਬਿਧਾਮਈ ਮੋੜ ਤੇ ਖੜ੍ਹੀ ਹੈ। ਉਹ ਇੱਕ ਪਾਸੇ ਬੇਰੁਜ਼ਗਾਰੀ ਵਰਗੇ ਵੱਡੇ ਵਿਕਰਾਲ ਸੰਕਟਾਂ ਸਾਹਮਣੇ ਹੈ ਅਤੇ ਦੂਜੇ ਪਾਸੇ ਪਾਪੂਲਰ ਮੀਡੀਆ ਦੀ ਚਮਕ ਦਮਕ ਵਿੱਚ ਭਵੰਤਰੀ ਹੋਈ ਹੈ। ਇਸ ਸੂਰਤ ਵਿੱਚ ਸਾਹਿਤ ਸਿਰਜਣਾ ਅਤੇ ਪੁਸਤਕਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।ਇਸ ਮੌਕੇ ਮੈਗਜ਼ੀਨ ਦਾ ਸਾਰਾ ਸੰਪਾਦਕੀ ਬੋਰਡ, ਵੱਖ ਵੱਖ ਸੈਕਸ਼ਨਾਂ ਦੇ ਸਮੂਹ ਸੰਪਾਦਕ ਡਾ.ਗੁਰਲੀਨ ਆਹਲੂਵਾਲੀਆ, ਡਾ.ਊਸ਼ਾ ਗੁਪਤਾ,ਡਾ.ਪਦਮਨੀ ਤੋਮਰ, ਡਾ.ਰਵਿੰਦਰ ਸਿੰਘ ਰਵੀ,ਡਾ.ਅਨੁਜੋਤ ਸਿੰਘ ਸੋਨੀ ਵੀ ਇਸ ਮੌਕੇ ਹਾਜ਼ਿਰ ਸਨ। ਇਸ ਮੌਕੇ ਰਾਜ ਕੁਮਾਰ ਵਿਸ਼ੇਸ਼ ਤੌਰ ਤੇ ਪਹੁੰਚੇ।

# 'ਖੇਤੀ ਸੰਕਟ ਦੇ ਪ੍ਰਸੰਗ ਵਿੱਚ ਪੇਂਡੂ ਔਰਤਾਂ ਵਿਰੁੱਧ ਢਾਂਚਾਗਤ ਹਿੰਸਾ' ਬਾਰੇ ਕਰਵਾਇਆ ਸੈਮੀਨਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ INTERNATIONAL PAPER, 94636 01616 hardipchumber57@gmail.com



ਬਠਿੰਡਾ, 8 ਅਪ੍ਰੈਲ (ਅੰਗਰੇਜ ਸਿੰਘ ਵਿੱਕੀ) ਪੰਜਾਬੀ ਯੂਨੀਵਰਸਿਟੀ ਦੇ ਨਾਰੀ ਅਧਿਐਨ ਕੇਂਦਰ ਵੱਲੋਂ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਅਤੇ ਗੈਰ-ਸਰਕਾਰੀ ਸੰਗਠਨਾਂ 'ਮੁਕਾਮ' ਅਤੇ 'ਸੌਪੇਕਾਮ' ਦੇ ਸਹਿਯੋਗ ਨਾਲ ਬਠਿੰਡਾ ਅਤੇ ਮਾਨਸਾ ਖੇਤਰਾਂ ਲਈ ਜ਼ਿਲ੍ਹਾ ਪੱਧਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਹ ਵਰਕਸ਼ਾਪ ਤਲਵੰਡੀ ਸਾਬੋ ਕੈਂਪਸ ਵਿਖੇ ਹੋਈ।'ਖੇਤੀ ਸੰਕਟ ਦੇ ਪ੍ਰਸੰਗ ਵਿੱਚ ਪੇਂਡੂ ਔਰਤਾਂ ਵਿਰੁੱਧ ਢਾਂਚਾਗਤ ਹਿੰਸਾ' ਸਿਰਲੇਖ ਤਹਿਤ ਕਰਵਾਈ ਇਸ ਵਰਕਸ਼ਾਪ ਦੌਰਾਨ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਤੋਂ ਪ੍ਰੋ. ਅਨੁਪਮਾ ਨੇ ਇਸ ਵਿਸ਼ੇ ਉੱਤੇ ਆਪਣੀ ਟੀਮ ਵੱਲੋਂ ਕੀਤੀ ਗਈ ਖੋਜ ਬਾਰੇ ਚਰਚਾ ਕੀਤੀ।ਵਰਕਸ਼ਾਪ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਤੋਂ ਡਾ.ਮੋਨਿਕਾ ਆਹੂਜਾ ਨੇ ਔਰਤਾਂ ਨਾਲ ਸਬੰਧਤ ਕਾਨੂੰਨਾਂ ਬਾਰੇ ਚਾਨਣਾ ਪਾਇਆ ਅਤੇ ਨਾਰੀ ਅਧਿਐਨ ਕੇਂਦਰ ਦੇ ਡਾਇਰੈਕਟਰ ਡਾ.ਹਰਪ੍ਰੀਤ ਕੌਰ ਨੇ ਪੇਂਡੂ ਔਰਤਾਂ ਦੇ ਜੀਵਨ ਨਾਲ ਜੁੜੇ ਵੱਖ-ਵੱਖ ਮਨੋਵਿਗਿਆਨਕ ਪਹਿਲੂਆਂ ਬਾਰੇ ਚਰਚਾ ਕੀਤੀ।ਵਰਕਸ਼ਾਪ ਵਿੱਚ ਇਸਤਰੀ ਜਾਗ੍ਰਿਤੀ ਮੰਚ ਦੇ ਸਕੱਤਰ ਅਮਨਦੀਪ ਕੌਰ ਦਿਓਲ, ਸਮਾਜਿਕ ਕਾਰਕੁਨ ਅਰਵਿੰਦਰ ਕੌਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਜਸਵੀਰ ਕੌਰ, ਕਿਰਤੀ ਕਿਸਾਨ ਯੂਨੀਅਨ ਤੋਂ ਸੁਰਜੀਤ ਕੌਰ ,ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਪ੍ਰੋਫੈਸਰ ਕਮਲ ਵੱਟ, ਰਣਬੀਰ ਕਾਲਜ, ਸੰਗਰੂਰ ਤੋਂ ਡਾ.ਜਗਦੀਪ ਮਹਿਣਾ ਨੇ ਆਪਣੇ ਅਨੁਭਵ ਦਰਸ਼ਕਾਂ ਨਾਲ ਸਾਂਝੇ ਕੀਤੇ।

ਪ੍ਰੋਫੈਸਰ (ਸੇਵਾਮੁਕਤ) ਇਕਬਾਲ ਸਿੰਘ ਦੀ ਅਗਵਾਈ ਵਿੱਚ ਇੱਕ ਲਾਭਕਾਰੀ ਇੰਟਰਐਕਟਿਵ ਸੈਸ਼ਨ ਹੋਇਆ,ਜਿਸ ਵਿੱਚ ਵਿਦਿਆਰਥੀਆਂ, ਫੈਕਲਟੀ ਅਤੇ ਭਾਈਚਾਰੇ ਦੇ ਨੁਮਾਇੰਦਿਆਂ ਦੀ ਵੱਡੀ ਹਾਜ਼ਰੀ ਨੇ ਸਲਾਹ-ਮਸ਼ਵਰੇ ਦੇ ਵਿਸ਼ੇ 'ਤੇ ਵਿਚਾਰ-ਵਟਾਂਦਰਾ ਕੀਤਾ।

# ਆਸਰਾ ਫਾਉਂਡੇਸ਼ਨ ਦੇ ਸਾਬਕਾ ਪ੍ਰਧਾਨ ਨਵੀਨ ਕੁਮਾਰ ਨੇ ਬੂਟੇ ਲਗਾ ਕੇ ਮਨਾਇਆ ਜਨਮਦਿਨ

## ਹਰ ਵਿਅਕਤੀ ਆਪਣੇ ਜਨਮ ਦਿਨ ਮੌਕੇ ਇਕ ਬੂਟਾ ਜਰੂਰ ਲਗਾਵੇ - ਨਵੀਨ ਕੁਮਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ INTERNATIONAL PAPER, 94636 01616 hardipchumber57@gmail.com



ਸ੍ਰੀ ਅਨੰਦਪੁਰ ਸਾਹਿਬ ਆਸਰਾ ਫਾਉਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵਲੋਂ ਫਾਉਂਡੇਸ਼ਨ ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਨਵੀਨ ਕੁਮਾਰ ਦੇ ਜਨਮ ਦਿਨ ਮੌਕੇ ਉਹਨਾਂ ਦੇ ਗ੍ਰਹਿ ਵਿਖੇ ਫਲਦਾਰ ਬੂਟੇ ਲਗਾਏ ਗਏ। ਜਿਸ ਵਿੱਚ ਵੱਖ-ਵੱਖ ਤਰਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਆਸਰਾ ਫਾਉਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਪਿਛਲੇ ਤਿੰਨ ਸਾਲਾਂ ਤੋਂ ਇਲਾਕੇ ਵਿੱਚ ਵਾਤਾਵਰਣ ਦੀ ਸਾਂਭ - ਸੰਭਾਲ ਲਈ ਕਦਮ ਚੁੱਕਦੀ ਆ ਰਹੀ ਹੈ । ਪਹਿਲਾਂ ਵੀ ਆਸਰਾ ਫਾਉਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਵੱਖ-ਵੱਖ ਸਮਿਆਂ ਵਿੱਚ ਬੂਟਿਆਂ ਦਾ ਲੰਗਰ ਲਗਾਇਆ ਗਿਆ ਸੀ। ਜਿਸ ਵਿੱਚ ਇਲਾਕੇ ਦੇ ਲੋਕਾਂ ਨੇ ਵੱਧ - ਚੜ੍ਹ ਕੇ ਹਿੱਸਾ ਲਿਆ ਸੀ। ਇਸ ਮੌਕੇ ਉਹਨਾਂ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਹਰ ਵਿਅਕਤੀ ਨੂੰ ਆਪਣੇ ਜਨਮਦਿਨ ਮੌਕੇ ਇੱਕ ਬੂਟਾ ਜਰੂਰ ਲਗਾਉਣਾ ਚਾਹੀਦਾ ਹੈ। ਆਸਰਾ ਫਾਉਂਡੇਸ਼ਨ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਮਾਸਟਰ ਸੰਜੀਵ ਧਰਮਾਣੀ ਨੇ ਕਿਹਾ ਗਿਆ ਕਿ ਵਿਸ਼ਵ ਵਿੱਚ ਦਿਨੋ - ਦਿਨ ਵੱਧ ਰਹੀ ਤਰੱਕੀ ਕਾਰਨ ਜੰਗਲਾਂ ਦੀ ਕਟਾਈ ਮਾਰੋ - ਮਾਰ ਹੋ ਰਹੀ ਹੈ , ਜਿਸ ਨਾਲ ਸਾਡਾ ਵਾਤਾਵਰਨ ਖਰਾਬ ਹੋ ਰਿਹਾ ਹੈ। ਵਾਤਾਵਰਨ ਖਰਾਬ ਹੋਣ ਕਾਰਨ ਵੱਖ - ਵੱਖ ਤਰ੍ਹਾਂ ਦੀਆਂ ਬਿਮਾਰੀਆਂ ਲੋਕਾਂ ਨੂੰ ਬਿਮਾਰ ਕਰ ਰਹੀਆਂ ਹਨ। ਸਾਨੂੰ ਮਿਲ ਕੇ ਇਲਾਕੇ ਦੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਕਿਵੇਂ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ । ਇਸ ਮੌਕੇ ਨਵੀਨ ਕੁਮਾਰ ਚੇਅਰਮੈਨ, ਜਨਰਲ ਸਕੱਤਰ ਅੰਕੁਸ਼ ਕੁਮਾਰ, ਖਜਾਨਚੀ ਅਜੇ ਕੁਮਾਰ, ਮੀਤ ਪ੍ਰਧਾਨ ਦਵਿੰਦਰਪਾਲ ਸਿੰਘ, ਮਾਸਟਰ ਮੋਹਨ ਸਿੰਘ, ਨਵੀਨ ਕੁਮਾਰ ਦੀ ਧਰਮ ਪਤਨੀ ਮਧੂ ਵਰਮਾ, ਸਪੁੱਤਰੀ ਨਵੀਕਾ ਪੁਰੀ, ਪਿਤਾ ਸੁਰਿੰਦਰ ਪਾਲ ਪੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਅਣਅਧਿਕਾਰਤ ਕਾਲੋਨੀਆਂ ਨਾਲ ਸਬੰਧਤ 25 ਨਵੰਬਰ 2024 ਦੀ ਨੋਟੀਫਿਕੇਸ਼ਨ ਦੀ ਧਾਰਾ 2.0 ਹਾਈ ਕੋਰਟ ਨੇ ਕੀਤੀ ਰੱਦ : ਡਾ. ਅਜੇ ਬੱਗਾ

## * ਬਣੇ ਘਰਾਂ ਨੂੰ ਮੂਲ-ਭੂਤ ਸੁਵਿਧਾਵਾਂ ਦੇਣ ਦੇ ਹੁਕਮ ਜਾਰੀ *

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 8 ਅਪ੍ਰੈਲ ( ਤਰਸੇਮ ਦੀਵਾਨਾ ) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਵੀਜਨ ਬੈਂਚ ਨੇ ਸਰਕਾਰ ਵਲੋਂ 25-11-2024 ਦੀ ਜਾਰੀ ਨੋਟੀਫਿਕੇਸ਼ਨ ਦੀ ਧਾਰਾ 2.0 ਨੂੰ ਰੱਦ ਕਰ ਦਿੱਤਾ ਹੈ ਜਿਸ ਦੇ ਤਹਿਤ ਅਣਅਧਿਕਾਰਤ ਕਲੋਨੀਆਂ ਦੇ ਵਿੱਚ 31 ਜੁਲਾਈ 2024 ਤੋਂ ਪਹਿਲਾਂ ਖਰੀਦੇ ਪਲਾਟਾਂ ਤੇ ਬਣੇ ਘਰਾਂ ਨੂੰ ਪੀ.ਐਸ.ਪੀ.ਸੀ.ਐਲ. ਵਲੋਂ ਬਿਜਲੀ ਦਾ ਕਨੈਕਸ਼ਨ ਨਹੀਂ ਦਿੱਤਾ ਜਾ ਰਿਹਾ ਸੀ। ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਸੀ ਕਿ 01-12-2024 ਤੋਂ 28-02-2025 ਦੌਰਾਨ ਜੇਕਰ ਕੋਈ ਵਿਅਕਤੀ ਅਣਅਧਿਕਾਰਤ ਕਾਲੋਨੀ ਵਿੱਚ ਪਲਾਟ ਖਰੀਦਦਾ ਹੈ ਤਾਂ ਰਜਿਸਟਰੀ ਕਰਵਾਉਣ ਵਾਸਤੇ ਉਸਨੂੰ ਹਾਊਸਿੰਗ ਅਤੇ ਅਰਬਨ ਵਿਭਾਗ ਤੋਂ ਐਨ ਓ ਸੀ ਲੈਣ ਦੀ ਲੋੜ ਨਹੀਂ ਹੈ ਅਤੇ ਪੀ.ਐਸ.ਪੀ.ਸੀ.ਐਲ. ਬਿਜਲੀ ਦੇ ਕੁਨੈਕਸ਼ਨ ਵੀ ਇਹਨਾਂ ਪਲਾਟਾਂ ਤੇ ਬਣੇ ਘਰਾਂ ਨੂੰ ਜਾਰੀ ਕਰ ਰਿਹਾ ਸੀ। ਉਹਨਾਂ ਦੱਸਿਆ ਕਿ ਡਵੀਜਨ ਬੈਂਚ ਵਿੱਚ ਸ਼ਾਮਲ ਮਾਣਯੋਗ ਜੱਜ ਸੁਰੇਸ਼ਵਰ ਠਾਕੁਰ ਅਤੇ ਮਾਣਯੋਗ ਜੱਜ ਵਿਕਾਸ ਸੂਰੀ ਨੇ ਸ੍ਰੀਮਤੀ ਜੈਸ਼ੀ ਬੱਗਾ ਪਤਨੀ ਡਾ. ਅਜੇ ਬੱਗਾ ਵਲੋਂ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਤੇ ਫੈਸਲਾ ਦਿੰਦਿਆ ਕਿਹਾ ਕਿ 31 ਜੁਲਾਈ 2024 ਤੋਂ ਪਹਿਲਾਂ ਰਜਿਸਟਰੀਆਂ ਕਰਵਾ ਕੇ ਕਮਰੇ ਆਦਿ ਬਣਾ ਚੁੱਕੇ ਲੋਕਾਂ ਨੂੰ ਮੂਲ ਭੂਤ ਸੰਵਿਧਾਵਾਂ ਜਿਵੇਂ ਕਿ ਬਿਜਲੀ ਆਦਿ ਦਾ ਕੁਨੈਕਸ਼ਨ ਨਾ ਦੇਣ ਦਾ ਫੈਸਲਾ ਭੇਦ-ਭਾਵ ਵਾਲਾ ਅਰਥਹੀਣ, ਮਨਮਾਨੀ, ਬੇਲੋੜਾ ਅਤੇ ਪੱਖਪਾਤੀ ਹੈ। ਉਹਨਾਂ ਦੱਸਿਆ ਕਿ ਪੰਜਾਬ ਦੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਕੇ.ਐਸ.ਡਡਵਾਲ ਨੇ ਮਾਨਯੋਗ ਅਦਾਲਤ ਵਿੱਚ ਦੱਸਿਆ ਕਿ ਸ੍ਰੀਮਤੀ ਜੈਸ਼ੀ ਬੱਗਾ ਨੇ 24-09-2020 ਨੂੰ 11 ਮਰਲੇ ਦਾ ਪਲਾਟ ਸਿਲਵਰ ਐਸਟੇਟ ਵਿਖੇ ਖਰੀਦਿਆ ਸੀ ਅਤੇ 28-03-2022 ਨੂੰ ਪੀ.ਐਸ.ਪੀ.ਸੀ.ਐਲ. ਤੋਂ ਟੈਪਰੇਰੀ ਬਿਜਲੀ ਦਾ ਕੁਨੈਕਸ਼ਨ ਦਿੱਤਾ ਸੀ। ਵਿਭਾਗ ਨੇ 01-04-2024 ਨੂੰ ਬਿਨ੍ਹਾਂ ਕਿਸੇ ਨੋਟਿਸ ਤੋਂ ਇਹ ਕੁਨੈਕਸ਼ਨ ਕੱਟ ਦਿੱਤਾ। ਪਲਾਟ ਤੇ ਕਮਰੇ ਬਣਾਉਣ ਤੋਂ ਬਾਅਦ 24-06-2024 ਨੂੰ ਪੱਕਾ ਬਿਜਲੀ ਦਾ ਕੁਨੈਕਸ਼ਨ ਲੈਣ ਲਈ ਬੇਨਤੀ ਕੀਤੀ। ਪਰ ਕੁਨੈਕਸ਼ਨ ਨਾ ਮਿਲਣ ਤੇ 04-07-24 ਨੂੰ ਕਾਨੂੰਨੀ ਨੋਟਿਸ ਪੀ.ਐਸ.ਪੀ.ਸੀ. ਐਲ. ਨੂੰ ਭੇਜਿਆ ਗਿਆ ਪਰ ਇਸ ਤੇ ਵੀ ਕੋਈ ਹਾਂ-ਪੱਖੀ ਕਾਰਵਾਈ ਨਹੀਂ ਹੋਈ। 27-08-24 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਬਿਜਲੀ ਦਾ ਕੁਨੈਕਸ਼ਨ ਲੈਣ ਵਾਸਤੇ ਸੀ.ਡਬਲਯੂ.ਪੀ. 20729 ਸਾਲ 2024 ਨੂੰ ਦਾਇਰ ਕੀਤੀ ਗਈ ਅਤੇ ਮਾਣਯੋਗ ਅਦਾਲਤ ਨੇ 04 ਹਫਤਿਆਂ ਵਿੱਚ ਇਸ ਤੇ ਫੈਸਲਾ ਕਰਨ ਦੇ ਸਰਕਾਰ ਨੂੰ ਹੁਕਮ ਜਾਰੀ ਕੀਤੇ। ਪਰ 04 ਹਫਤਿਆਂ ਬਾਅਦ ਵੀ ਬਿਜਲੀ ਦਾ ਕੁਨੈਕਸ਼ਨ ਜਾਰੀ ਨਹੀਂ ਕੀਤਾ ਗਿਆ। ਕੇ .ਐਸ.ਡਡਵਾਲ ਨੇ ਦੁਬਾਰਾ ਮਾਣਯੋਗ ਹਾਈ ਕੋਰਟ ਵਿੱਚ ਸੀ.ਡਬਲਯੂ. ਪੀ.5971-2025 ਦਾਇਰ ਕੀਤੀ ਅਤੇ ਮੰਗ ਕੀਤੀ ਕਿ 25-11-2024 ਦੀ ਨੋਟੀਫਿਕੇਸ਼ਨ ਦੀ ਧਾਰਾ 2.0 ਨੂੰ ਰੱਦ ਕੀਤਾ ਜਾਵੇ ਤਾਂ ਜੋ ਅਣਅਧਿਕਾਰਤ ਕਾਲੋਨੀ ਵਿੱਚ 31 ਜੁਲਾਈ 2024



ਤੋਂ ਪਹਿਲਾਂ ਰਜਿਸਟਰਡ ਅਤੇ ਬਣੇ ਹੋਏ ਪਲਾਟਾਂ ਤੇ ਬਿਜਲੀ ਦਾ ਕੁਨੈਕਸ਼ਨ ਜਾਰੀ ਕੀਤਾ ਜਾਵੇ। ਮਾਣਯੋਗ ਜੱਜ ਸੁਰੇਸ਼ਵਰ ਠਾਕੁਰ ਅਤੇ ਮਾਣਯੋਗ ਜੱਜ ਵਿਕਾਸ ਸੂਰੀ ਨੇ 04-03-2025 ਨੂੰ ਪਟੀਸ਼ਨ ਤੇ ਫੈਸਲਾ ਰਾਖਵਾਂ ਰੱਖ ਲਿਆ। 03-04-2025 ਨੂੰ ਫੈਸਲਾ ਦਿੰਦਿਆਂ ਡਵੀਜਨ ਬੈਂਚ ਨੇ 25-11-2024 ਦੀ ਜਾਰੀ ਨੋਟੀਫਿਕੇਸ਼ਨ ਦੀ ਧਾਰਾ 2.0 ਨੂੰ ਰੱਦ ਕਰ ਦਿੱਤਾ। ਇਸ ਧਾਰਾ ਨੂੰ ਇੱਕ ਪਾਸੇ ਰੱਖਦਿਆਂ ਅਦਾਲਤ ਨੇ ਮੂਲ ਭੂਤ ਸੁਵਿਧਾਵਾਂ ਦੇਣ ਦਾ ਹੁਕਮ ਜਾਰੀ ਕੀਤਾ ਅਤੇ ਪੀ.ਐਸ.ਪੀ.ਸੀ. ਐਲ. ਨੇ ਪਟੀਸ਼ਨਰ ਨੂੰ ਪੱਕਾ ਬਿਜਲੀ ਦਾ ਕੁਨੈਕਸ਼ਨ ਦੇਣ ਦੇ ਹੁਕਮ ਜਾਰੀ ਕੀਤੇ। ਸਰਕਾਰ ਵਲੋਂ ਮਨਿੰਦਰ ਸਿੰਘ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਅਤੇ ਪੀ.ਐਸ.ਪੀ.ਸੀ.ਐਲ. ਵਲੋਂ ਐਚ.ਐਸ. ਬੈਦਵਾਨ ਅਦਾਲਤ ਵਿੱਚ ਪੇਸ਼ ਹੋਏ।

# ਲਿਵਾਸਾ ਹਸਪਤਾਲ ਹੁਸ਼ਿਆਰਪੁਰ ਨੇ ਡਾਇਲਿਸਿਸ ਅਤੇ ਨੈਫਰੋਲੋਜੀ ਸਹੂਲਤਾਂ ਦੇ ਨਾਲ ਗੁਰਦੇ ਦੀ ਦੇਖਭਾਲ ਸੇਵਾਵਾਂ ਨੂੰ ਵਧਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ, 8 ਅਪ੍ਰੈਲ ( ਤਰਸੇਮ ਦੀਵਾਨਾ ) ਲਿਵਾਸਾ ਹਸਪਤਾਲ, ਹੁਸ਼ਿਆਰਪੁਰ, ਗੁਰਦੇ ਦੀ ਦੇਖਭਾਲ ਸੇਵਾਵਾਂ ਨੂੰ ਵਧਾਉਣ ਦਾ ਐਲਾਨ ਕਰਦੇ ਹੋਏ ਖੁਸ਼ ਹੈ, ਜੋ ਕਿ ਭਾਈਚਾਰੇ ਨੂੰ ਬੇਮਿਸਾਲ ਨੈਫਰੋਲੋਜੀ ਅਤੇ ਡਾਇਲਸਿਸ ਦੇਖਭਾਲ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਹਸਪਤਾਲ ਨੇ ਆਪਣੇ ਨੈਫਰੋਲੋਜੀ ਬੁਨਿਆਦੀ ਢਾਂਚੇ ਦਾ ਵਿਸਤਾਰ ਕੀਤਾ ਹੈ, ਹੁਣ 6 ਉੱਨਤ ਡਾਇਲਿਸਿਸ ਮਸ਼ੀਨਾਂ ਨਾਲ 24x7 ਡਾਇਲਸਿਸ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ, ਜੋ ਕਿ ਗੁਰਦੇ ਦੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਲਈ ਨਿਰਵਿਘਨ ਦੇਖਭਾਲ ਨੂੰ ਯਕੀਨੀ ਬਣਾਉਂਦਾ ਹੈ। ਇਸ ਤੋਂ ਇਲਾਵਾ, ਹਸਪਤਾਲ ਨੇ ਪੰਜ ਸਮਰਪਿਤ ਨੈਫਰੋਲੋਜੀ ਕ੍ਰਿਟੀਕਲ ਕੇਅਰ ਬੈੱਡ ਸ਼ਾਮਲ ਕੀਤੇ ਹਨ, ਜਿਸ ਨਾਲ ਇਹ ਵਿਸ਼ੇਸ਼, ਤੀਬਰ ਇਲਾਜ ਨਾਲ ਗੁੰਝਲਦਾਰ ਗੁਰਦੇ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਦੇ ਯੋਗ ਹੋ ਜਾਂਦਾ ਹੈ।

ਇਹ ਵਿਸਥਾਰ ਮਰੀਜ਼ਾਂ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਲਿਵਾਸਾ ਹਸਪਤਾਲ ਦੇ ਸਮਰਪਣ ਦਾ ਪ੍ਰਮਾਣ ਹੈ। 250 ਤੋਂ ਵੱਧ ਮਰੀਜ਼ਾਂ ਨੇ ਹਸਪਤਾਲ ਵਿੱਚ ਸਫਲਤਾਪੂਰਵਕ ਇਲਾਜ ਕਰਵਾਇਆ ਹੈ, ਜੋ ਇਸਦੀ ਮੁਹਾਰਤ ਅਤੇ ਇਸਦੇ ਗੁਰਦੇ ਦੀ ਦੇਖਭਾਲ ਪ੍ਰੋਗਰਾਮਾਂ ਦੀ ਸਫਲਤਾ ਨੂੰ ਉਜਾਗਰ ਕਰਦਾ ਹੈ। ਡਾ. ਆਕਾਸ਼ ਸਰਕਾਰ ਦੀ ਅਗਵਾਈ ਹੇਠ ਹਸਪਤਾਲ ਦਾ ਨੈਫਰੋਲੋਜੀ ਵਿਭਾਗ, ਗੁਰਦੇ ਦੀ ਦੇਖਭਾਲ ਦੇ ਸਭ ਤੋਂ ਉੱਚੇ ਮਿਆਰ ਦੀ ਪੇਸ਼ਕਸ਼ ਕਰਨ ਲਈ ਵਚਨਬੱਧ ਹੈ, ਜਿਸ ਵਿੱਚ ਗੁਰਦੇ ਦੇ ਇਲਾਜ ਵਿੱਚ ਸਭ ਤੋਂ ਅੱਗੇ ਡਾਕਟਰੀ ਪੇਸ਼ੇਵਰਾਂ ਦੀ ਇੱਕ ਹੁਨਰਮੰਦ ਟੀਮ ਹੈ।

ਲਿਵਾਸਾ ਹਸਪਤਾਲ ਦੇ ਡਾਇਰੈਕਟਰ ਅਤੇ ਸੀਈਓ ਡਾ. ਪਵਨ ਕੁਮਾਰ ਨੇ ਕਿਹਾ, "ਸਾਡੀਆਂ ਗੁਰਦੇ ਦੀ ਦੇਖਭਾਲ ਸੇਵਾਵਾਂ ਦਾ ਵਿਸਥਾਰ ਸਿਹਤ ਸੰਭਾਲ ਦੇ ਉੱਚਤਮ ਮਿਆਰ ਪ੍ਰਦਾਨ ਕਰਨ ਪ੍ਰਤੀ ਸਾਡੀ ਸਮਰਪਣ ਦਾ ਪ੍ਰਮਾਣ ਹੈ। ਇਹ ਵਾਧਾ ਸਾਡੇ ਵਿਆਪਕ ਮਿਸ਼ਨ ਦਾ ਹਿੱਸਾ ਹੈ ਕਿ ਅਸੀਂ ਸਾਰੇ ਖੇਤਰਾਂ ਵਿੱਚ ਵਿਸ਼ੇਸ਼ ਦੇਖਭਾਲ ਦਾ ਵਿਸਥਾਰ ਕਰੀਏ ਅਤੇ ਉੱਨਤ ਬੁਨਿਆਦੀ ਢਾਂਚੇ ਅਤੇ ਮਾਹਰ ਮੈਡੀਕਲ ਟੀਮਾਂ ਨਾਲ ਮਹੱਤਵਪੂਰਨ ਸਿਹਤ ਜ਼ਰੂਰਤਾਂ ਨੂੰ ਪੂਰਾ ਕਰੀਏ। ਅਸੀਂ ਮਰੀਜ਼-ਕੇਂਦ੍ਰਿਤ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ ਜੋ ਅਤਿ-ਆਧੁਨਿਕ ਤਕਨਾਲੋਜੀ ਨੂੰ ਹਮਦਰਦੀ ਨਾਲ ਜੋੜਦੀ ਹੈ, ਅੰਤ ਵਿੱਚ ਸਾਰਿਆਂ ਲਈ ਸਿਹਤ ਨਤੀਜਿਆਂ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦੀ ਹੈ।"

ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਜਨਰਲ ਮੈਨੇਜਰ ਅਫਸਰ ਅਭਿਨਵ ਸ਼੍ਰੀਵਾਸਤਵ ਨੇ ਟਿੱਪਣੀ ਕੀਤੀ, "ਹੁਸ਼ਿਆਰਪੁਰ ਵਿੱਚ ਸਾਡੀ ਨੈਫਰੋਲੋਜੀ ਅਤੇ ਡਾਇਲਸਿਸ ਯੂਨਿਟ ਦਾ ਵਿਸਥਾਰ ਸਥਾਨਕ ਪੱਧਰ 'ਤੇ ਮਰੀਜ਼ਾਂ ਦੀ ਦੇਖਭਾਲ ਨੂੰ ਵਧਾਉਣ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਪਗ੍ਰੇਡ ਕੀਤੇ ਬੁਨਿਆਦੀ ਢਾਂਚੇ, ਆਧੁਨਿਕ ਉਪਕਰਣਾਂ ਅਤੇ ਵਿਸ਼ੇਸ਼ ਸਟਾਫ ਦੇ ਨਾਲ, ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਖੇਤਰ ਦੇ ਵਸਨੀਕਾਂ ਨੂੰ ਘਰ ਦੇ ਨੇੜੇ ਉੱਚ-ਗੁਣਵੱਤਾ ਵਾਲੀ ਗੁਰਦੇ ਦੀ ਦੇਖਭਾਲ ਤੱਕ ਪਹੁੰਚ ਹੋਵੇ।"ਲਿਵਾਸਾ ਹਸਪਤਾਲ, ਹੁਸ਼ਿਆਰਪੁਰ ਦੇ ਨੈਫਰੋਲੋਜਿਸਟ ਡਾ. ਆਕਾਸ਼ ਸਰਕਾਰ ਨੇ ਸਾਂਝਾ ਕੀਤਾ, "ਸਾਡੀਆਂ ਵਧੀਆਂ ਸਹੂਲਤਾਂ ਅਤੇ ਸਮਰਪਿਤ ਟੀਮ ਗੁਰਦੇ ਦੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਅਸਾਧਾਰਨ ਦੇਖਭਾਲ ਪ੍ਰਦਾਨ ਕਰਨ ਲਈ ਵਚਨਬੱਧ ਹੈ, ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਇਲਾਜ ਨੂੰ ਯਕੀਨੀ ਬਣਾਉਂਦੀ ਹੈ।"ਲਿਵਾਸਾ ਹਸਪਤਾਲ ਗੁਰਦੇ ਦੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਫੈਲਾਉਣਾ ਜਾਰੀ ਰੱਖਦਾ ਹੈ ਅਤੇ ਇਸਦਾ ਉਦੇਸ਼ ਐਡਵਾਂਸਡ ਡਾਇਲਸਿਸ ਇਲਾਜਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣਾ ਹੈ, ਇਹ ਯਕੀਨੀ ਬਣਾਉਣਾ ਕਿ ਲੋੜਵੰਦ ਵਿਅਕਤੀਆਂ ਨੂੰ ਉਹ ਦੇਖਭਾਲ ਮਿਲੇ ਜਿਸਦੀ ਉਹ ਹੱਕਦਾਰ ਹਨ।ਲਿਵਾਸਾ ਹਸਪਤਾਲਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ

ਲਿਵਾਸਾ ਹਸਪਤਾਲ, ਇੱਕ NABH-ਮਾਨਤਾ ਪ੍ਰਾਪਤ ਸਿਹਤ ਸੰਭਾਲ ਨੈੱਟਵਰਕ, ਪੰਜਾਬ ਦੀ ਸਭ ਤੋਂ ਵੱਡੀ ਸੁਪਰ ਸਪੈਸ਼ਲਿਟੀ ਹਸਪਤਾਲ ਚੇਨ ਹੈ, ਜੋ ਡਾਕਟਰੀ ਦੇਖਭਾਲ ਵਿੱਚ ਉੱਤਮਤਾ ਪ੍ਰਤੀ ਆਪਣੀ ਵਚਨਬੱਧਤਾ ਲਈ ਮਸ਼ਹੂਰ ਹੈ। ਮੋਹਾਲੀ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਖੰਨਾ ਵਿੱਚ ਪੰਜ ਰਣਨੀਤਕ ਤੌਰ 'ਤੇ ਸਥਿਤ ਇਕਾਈਆਂ ਦੇ ਨਾਲ, ਲਿਵਾਸਾ ਹਸਪਤਾਲ ਵਿਭਿੰਨ ਵਿਸ਼ੇਸ਼ਤਾਵਾਂ ਵਿੱਚ ਵਿਸ਼ਵ ਪੱਧਰੀ ਇਲਾਜ ਪ੍ਰਦਾਨ ਕਰਨ ਲਈ ਸਮਰਪਿਤ ਹੈ। 750+ ਬਿਸਤਰਿਆਂ, 38 ਸਪੈਸ਼ਲਿਟੀਜ਼, 250+ ਮਾਹਰ ਡਾਕਟਰਾਂ, 28 ਆਈਸੀਯੂ, 20 ਐਡਵਾਂਸਡ ਓਪਰੇਟਿੰਗ ਥੀਏਟਰਾਂ, ਅਤੇ 6 ਕੈਥ ਲੈਬਾਂ ਦੇ ਨਾਲ, ਲਿਵਾਸਾ ਹਸਪਤਾਲ ਅਤਿ-ਆਧੁਨਿਕ ਤਕਨਾਲੋਜੀ ਨੂੰ ਹਮਦਰਦੀ ਵਾਲੀ ਦੇਖਭਾਲ ਨਾਲ ਜੋੜਦਾ ਹੈ। ਇਹ ਹਸਪਤਾਲ ਕਾਰਡੀਓਲੋਜੀ, ਓਨਕੋਲੋਜੀ, ਆਰਥੋਪੈਡਿਕਸ, ਨਿਊਰੋਲੋਜੀ ਅਤੇ ਹੋਰ ਮਹੱਤਵਪੂਰਨ ਵਿਸ਼ਿਆਂ ਵਿੱਚ ਉੱਤਮ ਹੈ, ਜੋ ਭਾਈਚਾਰੇ ਲਈ ਵਿਆਪਕ, ਮਰੀਜ਼-ਕੇਂਦ੍ਰਿਤ ਸਿਹਤ ਸੰਭਾਲ ਨੂੰ ਯਕੀਨੀ ਬਣਾਉਂਦਾ ਹੈ।

# ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਤੁਰੰਤ ਕੀਤਾ ਜਾਵੇ ਰਿਹਾਅ- ਜਨਤਕ ਜੱਥੇਬੰਦੀਆਂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ
INTERNATIONAL PAPER, 9463601616
hardipchumber57@gmail.com



ਮਾਨਸਾ 8 ਅਪ੍ਰੈਲ ( ਆਤਮਾ ਸਿੰਘ ਪਮਾਰ ) ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਚਾਉਕੇ ਦੇ ਮਾਮਲੇ ਤੇ ਸੰਘਰਸ਼ ਕਰ ਰਹੇ ਅਧਿਆਪਕਾਂ ਅਤੇ ਜਥੇਬੰਦੀਆਂ ਦੇ ਆਗੂਆਂ ਨੂੰ ਪਿਛਲੇ ਦਿਨੀਂ ਜਬਰ ਕਰਨ ਉਪਰੰਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅੱਜ ਵੱਖ ਵੱਖ ਜਨਤਕ ਜਥੇਬੰਦੀਆਂ ਵੱਲੋਂ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਮੀਟਿੰਗ ਕੀਤੀ ਗਈ।ਇਸ ਮੌਕੇ ਮਜ਼ਦੂਰ, ਕਿਸਾਨ, ਮੁਲਾਜ਼ਮ, ਵਿਦਿਆਰਥੀ, ਦੁਕਾਨਦਾਰ ਸੰਘਰਸ਼ ਕਮੇਟੀ ਦਾ ਗਠਨ ਵੀ ਕੀਤਾ ਗਿਆ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਏਕਟੂ ਵੱਲੋਂ ਕਾਮਰੇਡ ਰਾਜਵਿੰਦਰ ਸਿੰਘ ਰਾਣਾ,ਜਮਹੂਰੀ ਕਿਸਾਨ ਸਭਾ ਵੱਲੋਂ ਅਮਰੀਕ ਸਿੰਘ ਫਫੜੇ ਭਾਈਕੇ,ਖੇਤ ਮਜ਼ਦੂਰ ਸਭਾ ਵੱਲੋਂ ਕਾਮਰੇਡ ਕ੍ਰਿਸ਼ਨ ਚੌਹਾਨ,ਰਤਨ ਭੋਲਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ (ਲਿਬਰੇਸ਼ਨ) ਵੱਲੋਂ ਬਲਵਿੰਦਰ ਸਿੰਘ ਘਰਾਂਗਣਾ, ਪੰਜਾਬ ਕਿਸਾਨ ਯੂਨੀਅਨ ਵੱਲੋਂ ਮਨਜੀਤ ਸਿੰਘ ਉੱਗੜ, ਪੈਨਸ਼ਨਰ ਐਸੋਸੀਏਸ਼ਨ ਵੱਲੋਂ ਕੇਵਲ ਸਿੰਘ, ਆਇਸਾ ਪੰਜਾਬ ਵੱਲੋਂ ਸੁਖਜੀਤ ਰਾਮਾਨੰਦੀ, ਬੀ ਕੇ ਯੂ ਡਕੌਂਦਾ ਵੱਲੋਂ ਰਾਜ ਅਕਲੀਆ, ਦਲਿਤ ਮਨੁੱਖੀ ਅਧਿਕਾਰ ਸਭਾ ਵਲੋਂ ਐਡਵੋਕੇਟ ਅਜੈਬ ਸਿੰਘ ਗੁਰੂ ਸਾਬਕਾ ਸੈਨਿਕ ਐਸੋਸੀਏਸ਼ਨ ਵੱਲੋਂ ਦਰਸ਼ਨ ਸਿੰਘ, ਬੀ ਕੇ ਯੂ ਕ੍ਰਾਂਤੀਕਾਰੀ ਵੱਲੋਂ ਦਲਜੀਤ ਸਿੰਘ, ਇਨਕਲਾਬੀ ਨੌਜਵਾਨ ਸਭਾ ਵੱਲੋਂ ਗਗਨਦੀਪ ਸਿੰਘ ਸਿਰਸੀਵਾਲਾ, ਬੀ ਕੇ ਯੂ ਡਕੌਂਦਾ ਧਨੇਰ ਗਰੁੱਪ ਵੱਲੋਂ ਬਲਜੀਤ ਸਿੰਘ ਭੈਣੀਬਾਘਾ ਅਤੇ ਮੁਸਲਿਮ ਫਰੰਟ ਪੰਜਾਬ ਵੱਲੋਂ ਰਵੀ ਖਾਨ ਨੇ ਐਲਾਨ ਕੀਤਾ ਕਿ ਮੌਜੂਦਾ ਸਰਕਾਰ ਦੀ ਸ਼ਹਿ ਤੇ ਅੰਨੀ ਲੁੱਟ ਮਚਾਉਣ ਵਾਲੀ ਮੈਨੇਜਮੈਂਟ ਅਤੇ ਅਧਿਆਪਕਾਂ ਤੇ ਤਸ਼ੱਦਦ ਕਰ ਰਹੀ ਸਰਕਾਰ ਅਤੇ ਪ੍ਰਸ਼ਾਸਨ ਦੀ 10 ਅਪ੍ਰੈਲ ਨੂੰ ਸਾਂਝੇ ਰੂਪ ਵਿੱਚ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਂਕ ਮਾਨਸਾ ਵਿੱਚ ਅਰਥੀ ਸਾੜੀ ਜਾਵੇਗੀ। ਆਗੂਆਂ ਨੇ ਮੰਗ ਕੀਤੀ ਕਿ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਚਾਉਕੇ ਦੇ ਅਧਿਆਪਕਾਂ ਦੀਆਂ ਮੰਗਾਂ ਨੂੰ ਮੰਨਦਿਆਂ ਸਕੂਲ ਮੈਨੇਜਮੈਂਟ ਵਿੱਚੋਂ ਗੁਰਮੇਲ ਸਿੰਘ ਮਾਨਸਾ ਨੂੰ ਤੁਰੰਤ ਬਾਹਰ ਕੀਤਾ ਜਾਵੇ, ਸਕੂਲ ਨੂੰ ਸਰਕਾਰ ਆਪਣੇ ਹੱਥਾਂ ਵਿੱਚ ਲੈਣ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਅਧਿਆਪਕਾਂ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਬਿਨ੍ਹਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ,ਮੈਨੇਜਮੈਂਟ ਦੀਆਂ ਜਾਇਦਾਦਾਂ ਦੀ ਜਾਂਚ ਕੀਤੀ ਜਾਵੇ,ਸਕੂਲ ਦੇ ਬੱਚਿਆਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਅਤੇ ਸਕੂਲ ਵਿੱਚੋਂ ਬਾਹਰ ਕੀਤੇ ਗਏ ਅਧਿਆਪਕਾਂ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਨਿਯਮਾਂ ਮੁਤਾਬਕ ਪੂਰੀਆਂ ਤਨਖਾਹਾਂ ਵੀ ਦਿੱਤੀਆਂ ਜਾਣ।

# ਸਰਕਾਰੀ ਸੈਕੰਡਰੀ ਸਕੂਲ ਬੁਰਜਹਰੀ ਵਿਖੇ ਕਰਵਾਇਆ ਸਾਲਾਨਾ ਸਮਾਗਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ
INTERNATIONAL PAPER, 9463601616
hardipchumber57@gmail.com



ਮਾਨਸਾ 8 ਅਪ੍ਰੈਲ (ਆਤਮਾ ਸਿੰਘ ਪਮਾਰ) ਸਰਕਾਰੀ ਸਕੈਡੀ ਸਕੂਲ ਬੁਰਜਹਰੀ ਵਿਖੇ ਸਕੂਲ ਮੁਖੀ ਸੰਦੀਪ ਢੰਡ ਸੁਚੱਜੀ ਅਗਵਾਈ 'ਚ ਸ਼ੈਸ਼ਨ 2024 -25 ਦੌਰਾਨ ਵਿੱਦਿਅਕ ਅਤੇ ਸਹਿ -ਵਿੱਦਿਅਕ ਕਿਰਿਆਵਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਹਿੱਤ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।। ਸਮਾਗਮ ਵਿੱਚ ਮੁੱਖ-ਮਹਿਮਾਨ ਵਜੋਂ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਡਾ. ਪਰਮਜੀਤ ਸਿੰਘ ਭੋਗਲ ,ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਮੋਨਿਕਾ ਰਾਣੀ ਪੀਈਐਸ -1, ਹਰਦੀਪ ਸਿੰਘ ਮਾਨ, ਸੁਖਚਰਨ ਸਿੰਘ ਬਦੇਸ਼ਾ, ਸੁਖਪਾਲ ਸਿੰਘ ਬਦੇਸ਼ਾਂ ਰੇਸ਼ਮ ਸਿੰਘ ਮਾਨ, ਡਾਇਰੈਕਟਰ ਪਨਜੁਆਏ ਲਹਿਰਾਬੇਗਾ ਅਤੇ ਚੇਅਰਮੈਨ ਗੁਰਜੰਟ ਸਿੰਘ ਬੁਰਜ ਹਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਸਮਾਰੋਹ ਦੌਰਾਨ ਵਿੱਦਿਅਕ ਅਤੇ ਸਹਿ- ਵਿਦਿਅਕ ਕਿਰਿਆਵਾਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ, ਮੈਡਲਾਂ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਡਾ. ਪਰਮਜੀਤ ਸਿੰਘ ਭੋਗਲ ਨੇ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਹਿੱਤ ਸਰਕਾਰ ਚਲਾਈਆਂ ਜਾ ਰਹੀਆਂ ਵੱਖ ਵੱਖ ਯੋਜਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰਿੰਸੀਪਲ ਮੈਡਮ ਮੋਨਿਕਾ ਰਾਣੀ ਨੇ ਲੜਕੀਆਂ ਦੀ ਸਿੱਖਿਆ ਅਤੇ ਮਾਪਿਆਂ ਦੇ ਸਹਿਯੋਗ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸਕੂਲ ਦੀ ਸਲਾਨਾ ਰਿਪੋਰਟ ਸ੍ਰੀ ਰੋਹਿਤ ਕੁਮਾਰ ਮੈਥ ਮਾਸਟਰ ਵੱਲੋਂ ਪੇਸ਼ ਕੀਤੀ ਗਈ। ਇਨਾਮਾਂ ਦੀ ਵੰਡ ਸਬੰਧੀ ਵੇਰਵਾ ਪਿੰਕਲ ਵੱਲੋਂ ਤਿਆਰ ਕੀਤਾ ਗਿਆ। ਮੈਡਮ ਜਗਦੀਪ ਕੌਰ ,ਮੈਡਮ ਹਰਦੀਪ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਕੋਰੀਓਗ੍ਰਾਫੀ, ਗਿੱਧਾ, ਭੰਗੜਾ ਆਦਿ ਆਈਟਮਾਂ ਪੇਸ਼ ਕਰਵਾਈਆਂ ਗਈਆਂ। ਇਸ ਮੌਕੇ ਮਾਪਿਆਂ ਦੀਆਂ ਮਨੋਰੰਜਕ ਖੇਡਾਂ ਵੀ ਕਰਵਾਈਆਂ ਗਈਆਂ। ਰਿਫਰੈਸ਼ਮੈਂਟ ਪ੍ਰਬੰਧਾਂ ਵਿੱਚ ਹਰਬਿੰਦਰ ਕੌਰ, ਮਨਪ੍ਰੀਤ ਕੌਰ ਅਤੇ ਨਵਦੀਪ ਸਿੰਘ , ਕੁਲਵਿੰਦਰ ਕੌਰ ਸਰਬਜੀਤ ਕੌਰ, ਪਰਮਜੀਤ ਕੌਰ ਅਤੇ ਵੀਰਾਂ ਵੱਲੋਂ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਪੰਡਾਲ ਦੀ ਸਜਾਵਟ ਲਈ ਮਨਦੀਪ ਸਿੰਘ, ਨਵਦੀਪ ਸਿੰਘ , ਲਛਮਣ ਸਿੰਘ ਨੇ ਅਹਿਮ ਕਾਰਜ ਕੀਤੇ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੁਖਜਿੰਦਰ ਸਿੰਘ ਮੈਥ ਮਾਸਟਰ ਨੇ ਬਾਖੂਬੀ ਨਿਭਾਈ। ਸਕੂਲ ਮੁਖੀ ਸੰਦੀਪ ਢੰਡ ਅਤੇ ਸਮੂਹ ਸਟਾਫ ਵੱਲੋਂ ਮੁੱਖ -ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਆਏ ਹੋਏ ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਕੁੱਲ ਮਿਲਾ ਕੇ ਸਲਾਨਾ ਸਮਾਰੋਹ ਮਾਪਿਆਂ ਅਤੇ ਵਿਦਿਆਰਥੀਆਂ ਦੇ ਦਿਲਾਂ 'ਤੇ ਗਹਿਰੀ ਛਾਪ ਛੱਡਣ 'ਚ ਕਾਮਯਾਬ ਰਿਹਾ।

# ਚੋਰਾਂ ਨੂੰ ਪੈ ਗਏ ਮੋਰ

## ਜਦੋਂ ਇੱਕ ਸੁਚੇਤ ਵਿਅਕਤੀ ਨੇ ਸਾਈਬਰ ਠੱਗਾਂ ਨੂੰ ਸਿਖਾਇਆ ਸਬਕ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ
INTERNATIONAL PAPER, 9463601616
hardipchumber57@gmail.com

ਅੱਜਕੱਲ੍ਹ ਸਾਈਬਰ ਠੱਗਾਂ ਦਾ ਜਾਲ ਹਰ ਪਾਸੇ ਫੈਲਿਆ ਹੋਇਆ ਹੈ। ਫੋਨਾਂ 'ਤੇ ਅਸੀਂ ਅਕਸਰ ਲੋਕਾਂ ਨੂੰ ਉਨ੍ਹਾਂ ਦੇ ਝਾਂਸੇ ਵਿੱਚ ਆ ਕੇ ਪੈਸੇ ਗੁਆਉਂਦੇ ਸੁਣਦੇ ਹਾਂ। ਪਰ ਹਾਲ ਹੀ ਵਿੱਚ ਇੱਕ ਅਜਿਹੀ ਘਟਨਾ ਸਾਹਮਣੇ ਆਈ ਜਿੱਥੇ ਇੱਕ ਸਾਧਾਰਨ ਵਿਅਕਤੀ ਨੇ ਇਨ੍ਹਾਂ ਠੱਗਾਂ ਨੂੰ ਹੀ ਮਾਤ ਦੇ ਦਿੱਤੀ ਅਤੇ ਕਹਾਵਤ "ਚੋਰਾਂ ਨੂੰ ਪੈ ਗਏ ਮੋਰ" ਨੂੰ ਸੱਚ ਕਰ ਦਿਖਾਇਆ।

ਇਸ ਘਟਨਾ ਵਿੱਚ ਠੱਗਾਂ ਨੇ ਉਸ ਵਿਅਕਤੀ ਨੂੰ ਫੋਨ ਕੀਤਾ ਅਤੇ ਕ੍ਰਾਈਮ ਬ੍ਰਾਂਚ ਦਾ ਅਧਿਕਾਰੀ ਬਣ ਕੇ ਉਸਨੂੰ ਡਰਾਇਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਕੋਲ ਉਸਦੀਆਂ ਅਸ਼ਲੀਲ ਵੀਡੀਓ ਹਨ ਅਤੇ ਜੇਕਰ ਉਹ ਇਸ ਮਾਮਲੇ ਤੋਂ ਬਚਣਾ ਚਾਹੁੰਦਾ ਹੈ ਤਾਂ ਉਸਨੂੰ 20,000 ਰੁਪਏ ਦੇਣੇ ਪੈਣਗੇ।

ਉਹ ਵਿਅਕਤੀ ਤੁਰੰਤ ਸਮਝ ਗਿਆ ਕਿ ਇਹ ਇੱਕ ਸਾਈਬਰ ਠੱਗ ਹੈ ਪਰ ਉਸਨੇ ਘਬਰਾਉਣ ਦੀ ਬਜਾਏ ਇੱਕ ਹੁਸ਼ਿਆਰੀ ਵਰਤੀ। ਉਸਨੇ ਠੱਗਾਂ ਅੱਗੇ ਗਿੜਗਿੜਾਉਂਦੇ ਹੋਏ ਕਿਹਾ ਕਿ ਉਹ ਇੱਕ ਵਿਦਿਆਰਥੀ ਹੈ ਅਤੇ ਉਸ ਕੋਲ ਇੰਨੇ ਪੈਸੇ ਨਹੀਂ ਹਨ। ਪਰ ਉਸਨੇ ਇੱਕ ਝੂਠੀ ਕਹਾਣੀ ਬਣਾਈ ਕਿ ਉਸਦੀ ਇੱਕ ਸੋਨੇ ਦੀ ਚੈਨ ਕਿਸੇ ਕੋਲ 5,000 ਰੁਪਏ ਵਿੱਚ ਗਿਰਵੀ ਰੱਖੀ ਹੈ। ਉਸਨੇ ਠੱਗਾਂ ਨੂੰ ਕਿਹਾ ਕਿ ਜੇਕਰ ਉਹ ਉਸਨੂੰ ਇਹ 5,000 ਰੁਪਏ ਦੇ ਦੇਣ ਤਾਂ ਉਹ ਚੈਨ ਛੁਡਾ ਕੇ ਵੇਚ ਦੇਵੇਗਾ ਅਤੇ ਉਨ੍ਹਾਂ ਨੂੰ 25,000 ਰੁਪਏ ਵਾਪਸ ਕਰ ਦੇਵੇਗਾ।

ਲਾਲਚ ਵਿੱਚ ਆਏ ਠੱਗਾਂ ਨੇ ਉਸਦੀ ਗੱਲ 'ਤੇ ਯਕੀਨ ਕਰ ਲਿਆ ਅਤੇ ਉਸਨੂੰ 5,000 ਰੁਪਏ ਗੂਗਲ ਪੇਅ ਰਾਹੀਂ ਭੇਜ ਦਿੱਤੇ। ਇਸ ਤੋਂ ਬਾਅਦ ਉਸ ਵਿਅਕਤੀ ਨੇ ਇੱਕ ਹੋਰ ਬਹਾਨਾ ਬਣਾਇਆ ਕਿ ਚੈਨ ਵਾਪਸ ਕਰਨ ਵਾਲਾ ਵਿਅਕਤੀ 1,000 ਰੁਪਏ ਵਿਆਜ ਮੰਗ ਰਿਹਾ ਹੈ। ਠੱਗਾਂ ਨੇ ਬਿਨਾਂ ਸੋਚੇ ਉਹ 1,000 ਰੁਪਏ ਵੀ ਭੇਜ ਦਿੱਤੇ। ਇਸ ਤਰ੍ਹਾਂ ਉਸ ਚਲਾਕ ਵਿਅਕਤੀ ਨੇ ਉਨ੍ਹਾਂ ਠੱਗਾਂ ਤੋਂ ਕੁੱਲ 6,000 ਰੁਪਏ ਠੱਗ ਲਏ

ਇਹ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਸਾਨੂੰ ਸਾਈਬਰ ਠੱਗਾਂ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ। ਕਿਸੇ ਵੀ ਅਣਜਾਣ ਵਿਅਕਤੀ ਦੀਆਂ ਗੱਲਾਂ ਵਿੱਚ ਆ ਕੇ ਆਪਣੇ ਪੈਸੇ ਨਹੀਂ ਗੁਆਉਣੇ ਚਾਹੀਦੇ। ਇਸਦੇ ਨਾਲ ਹੀ ਇਹ ਘਟਨਾ ਇਹ ਵੀ ਦਰਸਾਉਂਦੀ ਹੈ ਕਿ ਜੇਕਰ ਸਮਝਦਾਰੀ ਅਤੇ ਹਿੰਮਤ ਨਾਲ ਕੰਮ ਲਿਆ ਜਾਵੇ ਤਾਂ ਠੱਗਾਂ ਨੂੰ ਵੀ ਮਾਤ ਦਿੱਤੀ ਜਾ ਸਕਦੀ ਹੈ। ਹਾਲਾਂਕਿ, ਅਜਿਹੇ ਖ਼ਤਰਨਾਕ ਲੋਕਾਂ ਨਾਲ ਸਿੱਧਾ ਟਕਰਾਉਣ ਤੋਂ ਬਚਣਾ ਹੀ ਬਿਹਤਰ ਹੈ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ।

ਨਾਲ ਹੀ ਸਾਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਸਾਈਬਰ ਠੱਗੀਆਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ, ਖਾਸ ਕਰਕੇ ਬਜ਼ੁਰਗਾਂ ਅਤੇ ਘੱਟ ਜਾਣਕਾਰ ਲੋਕਾਂ ਨੂੰ। ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਦੇ ਫੋਨ ਕਾਲਾਂ ਜਾਂ ਸੰਦੇਸ਼ ਧੋਖੇਬਾਜ਼ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਕੀ ਕਦਮ ਚੁੱਕਣੇ ਚਾਹੀਦੇ ਹਨ। ਇੱਕ ਸੁਚੇਤ ਸਮਾਜ ਹੀ ਸਾਈਬਰ ਠੱਗਾਂ ਦੇ ਖਿਲਾਫ ਲੜਾਈ ਵਿੱਚ ਸਫਲ ਹੋ ਸਕਦਾ ਹੈ।



ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖੁਰਦ (ਮਾਨਸਾ), ਸੰਪਰਕ 9876888177

# ਸਰਕਾਰੀ ਸੈਕੰਡਰੀ ਸਕੂਲ ਬੁਰਜਹਰੀ ਵਿਖੇ ਕਰਵਾਇਆ ਸਾਲਾਨਾ ਸਮਾਗਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ
INTERNATIONAL PAPER, 9463601616
hardipchumber57@gmail.com





ਮਾਨਸਾ 8 ਅਪ੍ਰੈਲ (ਆਤਮਾ ਸਿੰਘ ਪਮਾਰ) ਸਰਕਾਰੀ ਸਕੈਡੀ ਸਕੂਲ ਬੁਰਜਹਰੀ ਵਿਖੇ ਸਕੂਲ ਮੁਖੀ ਸੰਦੀਪ ਢੰਡ ਸੁਚੱਜੀ ਅਗਵਾਈ 'ਚ ਸ਼ੈਸ਼ਨ 2024 -25 ਦੌਰਾਨ ਵਿੱਦਿਅਕ ਅਤੇ ਸਹਿ -ਵਿੱਦਿਅਕ ਕਿਰਿਆਵਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਹਿੱਤ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।। ਸਮਾਗਮ ਵਿੱਚ ਮੁੱਖ-ਮਹਿਮਾਨ ਵਜੋਂ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਡਾ. ਪਰਮਜੀਤ ਸਿੰਘ ਭੋਗਲ ,ਵਿਸ਼ੇਸ਼ ਮਹਿਮਾਨ ਪ੍ਰਿੰਸੀਪਲ ਮੋਨਿਕਾ ਰਾਣੀ ਪੀਈਐਸ -1, ਹਰਦੀਪ ਸਿੰਘ ਮਾਨ, ਸੁਖਚਰਨ ਸਿੰਘ ਬਦੇਸ਼ਾ, ਸੁਖਪਾਲ ਸਿੰਘ ਬਦੇਸ਼ਾਂ ਰੇਸ਼ਮ ਸਿੰਘ ਮਾਨ, ਡਾਇਰੈਕਟਰ ਪਨਜੁਆਏ ਲਹਿਰਾਬੇਗਾ ਅਤੇ ਚੇਅਰਮੈਨ ਗੁਰਜੰਟ ਸਿੰਘ ਬੁਰਜ ਹਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਸਮਾਰੋਹ ਦੌਰਾਨ ਵਿੱਦਿਅਕ ਅਤੇ ਸਹਿ- ਵਿਦਿਅਕ ਕਿਰਿਆਵਾਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ, ਮੈਡਲਾਂ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ। ਡਾ. ਪਰਮਜੀਤ ਸਿੰਘ ਭੋਗਲ ਨੇ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਹਿੱਤ ਸਰਕਾਰ ਚਲਾਈਆਂ ਜਾ ਰਹੀਆਂ ਵੱਖ ਵੱਖ ਯੋਜਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪ੍ਰਿੰਸੀਪਲ ਮੈਡਮ ਮੋਨਿਕਾ ਰਾਣੀ ਨੇ ਲੜਕੀਆਂ ਦੀ ਸਿੱਖਿਆ ਅਤੇ ਮਾਪਿਆਂ ਦੇ ਸਹਿਯੋਗ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਸਕੂਲ ਦੀ ਸਲਾਨਾ ਰਿਪੋਰਟ ਸ੍ਰੀ ਰੋਹਿਤ ਕੁਮਾਰ ਮੈਥ ਮਾਸਟਰ ਵੱਲੋਂ ਪੇਸ਼ ਕੀਤੀ ਗਈ। ਇਨਾਮਾਂ ਦੀ ਵੰਡ ਸਬੰਧੀ ਵੇਰਵਾ ਪਿੰਕਲ ਵੱਲੋਂ ਤਿਆਰ ਕੀਤਾ ਗਿਆ। ਮੈਡਮ ਜਗਦੀਪ ਕੌਰ ,ਮੈਡਮ ਹਰਦੀਪ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਕੋਰੀਓਗ੍ਰਾਫੀ, ਗਿੱਧਾ, ਭੰਗੜਾ ਆਦਿ ਆਈਟਮਾਂ ਪੇਸ਼ ਕਰਵਾਈਆਂ ਗਈਆਂ। ਇਸ ਮੌਕੇ ਮਾਪਿਆਂ ਦੀਆਂ ਮਨੋਰੰਜਕ ਖੇਡਾਂ ਵੀ ਕਰਵਾਈਆਂ ਗਈਆਂ। ਰਿਫਰੈਸ਼ਮੈਂਟ ਪ੍ਰਬੰਧਾਂ ਵਿੱਚ ਹਰਬਿੰਦਰ ਕੌਰ, ਮਨਪ੍ਰੀਤ ਕੌਰ ਅਤੇ ਨਵਦੀਪ ਸਿੰਘ , ਕੁਲਵਿੰਦਰ ਕੌਰ ਸਰਬਜੀਤ ਕੌਰ, ਪਰਮਜੀਤ ਕੌਰ ਅਤੇ ਵੀਰਾਂ ਵੱਲੋਂ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਪੰਡਾਲ ਦੀ ਸਜਾਵਟ ਲਈ ਮਨਦੀਪ ਸਿੰਘ, ਨਵਦੀਪ ਸਿੰਘ , ਲਛਮਣ ਸਿੰਘ ਨੇ ਅਹਿਮ ਕਾਰਜ ਕੀਤੇ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੁਖਜਿੰਦਰ ਸਿੰਘ ਮੈਥ ਮਾਸਟਰ ਨੇ ਬਾਖੂਬੀ ਨਿਭਾਈ। ਸਕੂਲ ਮੁਖੀ ਸੰਦੀਪ ਢੰਡ ਅਤੇ ਸਮੂਹ ਸਟਾਫ ਵੱਲੋਂ ਮੁੱਖ -ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਅਤੇ ਆਏ ਹੋਏ ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਕੁੱਲ ਮਿਲਾ ਕੇ ਸਲਾਨਾ ਸਮਾਰੋਹ ਮਾਪਿਆਂ ਅਤੇ ਵਿਦਿਆਰਥੀਆਂ ਦੇ ਦਿਲਾਂ 'ਤੇ ਗਹਿਰੀ ਛਾਪ ਛੱਡਣ 'ਚ ਕਾਮਯਾਬ ਰਿਹਾ।

# ਆਪ ਆਗੂ ਵਿਜੇ ਨਾਇਰ ਵਿਆਹ ਦੇ ਬੰਧਨ 'ਚ ਬੱਝੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 08 ਅਪ੍ਰੈਲ
INTERNATIONAL PAPER, 9463601616
hardipchumber57@gmail.com

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਸਾਬਕਾ ਸੰਚਾਰ ਇੰਚਾਰਜ ਵਿਜੇ ਨਾਇਰ (Vijay Nair) ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਇਹ ਵਿਆਹ ਸਮਾਰੋਹ ਮੁੰਬਈ ਵਿੱਚ ਹੋਇਆ। ਜਿਸ ਵਿੱਚ ਆਮ ਆਦਮੀ ਪਾਰਟੀ ਦੇ ਕਈ ਵੱਡੇ ਨੇਤਾਵਾਂ ਨੇ ਸ਼ਿਰਕਤ ਕੀਤੀ। ਇਸ ਦੇ ਨਾਲ ਹੀ ਸੀਐਮ ਭਗਵੰਤ ਮਾਨ, ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪਾਰਟੀ ਦੇ ਪੰਜਾਬ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵੀ ਸ਼ਿਰਕਤ ਕੀਤੀ।



ਵਿਆਹ ਨਾਲ ਜੁੜੀਆਂ ਕੁਝ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਸੀ.ਐਮ.ਭਗਵੰਤ ਮਾਨ ਨੇ ਖੁਦ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਸ ਸਬੰਧ 'ਚ ਇਕ ਪੋਸਟ ਸ਼ੇਅਰ ਕੀਤੀ ਹੈ, ਜਿਸ 'ਚ ਉਨ੍ਹਾਂ ਲਿਖਿਆ, "ਮੇਰੇ ਦੋਸਤ ਵਿਜੇ ਨਾਇਰ ਨੂੰ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਲਈ ਬਹੁਤ-ਬਹੁਤ ਵਧਾਈਆਂ। ਪ੍ਰਮਾਤਮਾ ਦੇਵਾਂ 'ਤੇ ਅਸ਼ੀਰਵਾਦ ਰੱਖੇ।

# ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾਂ ਦਾ 8ਵੀਂ ਜਮਾਤ ਦਾ ਨਤੀਜਾ 100% ਰਿਹਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ ਚੱਗਰਾਂ, 8 ਅਪ੍ਰੈਲ ( ਤਰਸੇਮ ਦੀਵਾਨਾ ) - ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਚੱਗਰਾਂ ਦੇ 8ਵੀਂ ਜਮਾਤ ਦੇ ਨਤੀਜੇ 100% ਰਹੇ। ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸਕੂਲ ਦੀ ਸ਼ਾਨ ਵਧਾਈ । ਪ੍ਰਭਜੋਤ ਸਿੰਘ ਨੇ 90%, ਤਰਨਵੀਰ ਸਿੰਘ ਨੇ 85.5% ਅਤੇ ਗੁਰਸਿਮਰਨ 85% ਨੰਬਰ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ।

ਸਕੂਲ ਪ੍ਰਬੰਧਨ, ਚੇਅਰਮੈਨ ਡਾਕਟਰ ਅਸ਼ੀਸ਼ ਸਰੀਨ ਜੀ, ਪ੍ਰਿੰਸੀਪਲ ਗੋਪਾਲ ਕ੍ਰਿਸ਼ਨ ਅਰੋੜਾ ਕੋਆਰਡੀਨੇਟਰ ਅਸ਼ੋਕ ਕੁਮਾਰ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਉੱਚ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਉਤਕ੍ਰਿਸ਼ਟ ਪ੍ਰਦਰਸ਼ਨ ਲਈ, ਵਿਦਿਆਰਥੀਆਂ ਨੂੰ ਸਕੂਲ ਐਸੈਂਬਲੀ ਵਿੱਚ ਸਨਮਾਨਿਤ ਕੀਤਾ ਗਿਆ।

# ਭਵਾਨੀਗੜ੍ਹ ਇਲਾਕੇ ਦੀ ਕਾਨਫਰੰਸ ਵਿਚ ਕਿਰਤੀਆਂ ਨੇ ਬੇਗਮਪੁਰਾ ਵਸਾਉਣ ਦਾ ਲਿਆ ਸੰਕਲਪ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ,8 ਅਪ੍ਰੈਲ (ਜਗਸੀਰ ਸਿੰਘ)-

ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਡਾਕਟਰ ਬੀ ਆਰ ਅੰਬੇਡਕਰ ਭਵਨ ਫਗੂਵਾਲਾ ਵਿਖੇ ਭਵਾਨੀਗੜ੍ਹ ਇਲਾਕੇ ਦੇ ਦਰਜਨਾਂ ਪਿੰਡਾਂ ਵੱਲੋਂ ਬੇਗਮਪੁਰਾ ਉਸਾਰੀ ਲਈ ਕੀਤੀ ਗਈ ਕਾਨਫਰੰਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਸ਼ਮੂਲੀਅਤ ਕੀਤੀ।

ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਆਗੂ ਗੁਰਚਰਨ ਸਿੰਘ ਘਰਾਚੋ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਨੇ ਕਿਹਾ ਕਿ ਇਸ ਦੇਸ਼ ਅੰਦਰ ਦਲਿਤ ਭਾਈਚਾਰਾ ਜਾਤੀ ਦਾਬੇ ਅਤੇ ਬੇਜ਼ਮੀਨੇ ਹੋਣ ਦਾ ਸਦੀਆਂ ਤੋਂ ਸੰਤਾਪ ਹੰਢਾਹ ਰਿਹਾ ਹੈ ਅਤੇ ਗੁਰਬਤ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ। ਉਹਨਾਂ ਕਿਹਾ ਕਿ ਦੋ ਵਾਰ ਭੂਮੀ ਸੁਧਾਰ ਹੋਣ ਤੋਂ ਬਾਅਦ ਅਤੇ ਪੰਜਾਬ ਵਿਲੇਜ ਕਾਮਨ ਲੈਂਡ ਐਕਟ 1964 ਮੁਤਾਬਿਕ ਪੰਚਾਇਤੀ ਜਮੀਨਾਂ ਦਾ ਤੀਜਾ ਹਿੱਸਾ ਦਲਿਤਾਂ ਲਈ ਰਾਖਵਾਂ ਰੱਖਿਆ ਗਿਆ ਅਤੇ ਜਮੀਨ ਹੱਦਬੰਦੀ ਕਨੂੰਨ 1972 ਮੁਤਾਬਿਕ ਸਾਢੇ 17 ਏਕੜ ਤੋਂ ਉੱਪਰਲੀਆਂ ਜਮੀਨਾਂ ਇੱਥੋਂ ਦੇ ਬੇਜ਼ਮੀਨੇ ਲੋਕਾਂ ਵਿੱਚ ਵੰਡੀਆਂ ਜਾਣੀਆਂ ਸਨ ਪਰ ਕਿਸੇ ਵੀ ਸਰਕਾਰ ਵੱਲੋਂ ਇਹਨਾਂ ਕਾਨੂੰਨਾਂ ਨੂੰ ਜਮੀਨੀ ਪੱਧਰ ਉੱਪਰ ਲਾਗੂ ਨਹੀਂ ਕੀਤਾ ਗਿਆ ਅਤੇ ਪੰਜਾਬ ਦੀ 35% ਤੋਂ ਵੱਧ ਆਬਾਦੀ ਦਲਿਤਾਂ ਕੋਲ ਨਾ ਕੋਈ ਜਮੀਨ ਹੈ ਅਤੇ ਨਾ ਹੀ ਉਹਨਾਂ ਦੇ ਘਰਾਂ ਦੀ ਰਜਿਸਟਰੀ ਉਹਨਾਂ ਦੇ ਨਾਮ ਹੈ। ਉਹਨਾਂ ਕਿਹਾ ਕਿ ਹਾਸ਼ੀਏ ਤੇ ਧੱਕੇ ਲੋਕਾਂ ਨੂੰ ਮਾਣ ਸਨਮਾਨ ਦੀ ਜ਼ਿੰਦਗੀ ਜਿਉਣ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁਪਨਿਆਂ ਦਾ ਬੇਗਮਪੁਰਾ ਵਸਾਉਣ ਲਈ ਜਮੀਨ ਦੀ ਮੁੜ ਵੰਡ ਦੇ ਸੰਘਰਸ਼ ਨੂੰ ਸੰਬੋਧਿਤ ਹੋਣਾ ਪਵੇਗਾ। ਉਹਨਾਂ ਸੱਦਾ ਦਿੱਤਾ ਕਿ ਪਿਛਲੇ ਦਿਨੀ ਬੇਚਰਾਗ ਪਿੰਡ ਵਿੱਚ ਚਿਰਾਗ ਲਾ ਕੇ ਦਲਤਾਂ ਵੱਲੋਂ ਜਿਸ 927 ਏਕੜ ਜਮੀਨ ਉੱਪਰ ਆਪਣੀ ਦਾਅਵੇਦਾਰੀ ਕੀਤੀ ਗਈ ਸੀ ਉਸ ਜਮੀਨ ਵਿੱਚ ਬੇਗਮਪੁਰਾ ਵਸਾਉਣ ਲਈ ਪੱਕੇ ਮੋਰਚੇ ਲਈ ਹਰ ਪਿੰਡ ਵਿੱਚ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਕਮੇਟੀ ਦਾ ਗਠਨ ਕੀਤਾ ਜਾਵੇ ਅਤੇ 15 ਮਈ ਨੂੰ ਆਪਣੇ ਟੈਂਟ, ਲੰਗਰ ਆਦਿ ਸਮੇਤ ਤਿਆਰੀ ਕਰਕੇ ਵੱਡੀ ਗਿਣਤੀ ਵਿੱਚ ਪਹੁੰਚਿਆ ਜਾਵੇ। ਸਟੇਜ ਸਕੱਤਰ ਦੀ ਭੂਮਿਕਾ ਸੁਖਵਿੰਦਰ ਸਿੰਘ ਬਟੜਿਆਣਾ ਵੱਲੋਂ ਕੀਤੀ ਗਈ ਅਤੇ ਆਈਆਂ ਸੰਗਤਾਂ ਦਾ ਚਰਨ ਸਿੰਘ ਬਾਲਦ ਕਲਾਂ ਵੱਲੋਂ ਧੰਨਵਾਦ ਕੀਤਾ ਗਿਆ।

ਇਸ ਮੌਕੇ ਉਪਰੋਕਤ ਤੋਂ ਬਿਨਾਂ ਰਾਮ ਚੰਦ ਝਨੇੜੀ, ਜਾਗਰ ਸਿੰਘ ਜੌਲੀਆਂ ਗੁਰਪ੍ਰੀਤ ਕਪਿਆਲ ਕ੍ਰਿਸ਼ਨ ਭੜੋ ਹਰਬੰਸ ਸੰਗਤਪੁਰਾ ਆਦਿ ਨੇ ਸੰਬੋਧਨ ਕੀਤਾ।

# ਸ਼ੁੱਧ ਵਾਤਾਵਰਨ ਲਈ ਲੱਗੇ ਹੋਏ ਬੂਟਿਆਂ ਨੂੰ ਆਵਾਰਾ ਪਸ਼ੂਆਂ ਤੋਂ ਬਚਾਉਣ ਦੀ ਲੋੜ : ਅਮਰੀਕ ਸਿੰਘ ਆਹੂਜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 8 ਅਪ੍ਰੈਲ ( ਅੰਗਰੇਜ਼ ਬਰਾੜ ) - ਦੇਸ਼ ਵਿੱਚ ਵੱਡੇ - ਵੱਡੇ ਨੈਸ਼ਨਲ ਹਾਈਵੇ ਬਣਨ ਅਤੇ ਲੱਕੜੀ ਦੇ ਹੋਰ ਇਸਤੇਮਾਲ ਲਈ ਲੱਖਾਂ ਦੀ ਗਿਣਤੀ ਵਿੱਚ ਵੱਡੇ ਵੱਡੇ ਦਰਖਤ ਵੱਢੇ ਜਾ ਰਹੇ ਹਨ ਪਰ ਉਹਨਾਂ ਦੀ ਜਗ੍ਹਾ ਚੌਥਾ ਹਿੱਸਾ ਵੀ ਨਵੇਂ ਦਰਖਤ ਲਗਾਏ ਨਹੀਂ ਜਾ ਰਹੇ, ਜੇਕਰ ਲਗਾਏ ਵੀ ਜਾ ਰਹੇ ਹਨ ਤਾਂ ਉਹ ਸਾਂਭ ਸੰਭਾਲ ਨਾ ਹੋਣ ਕਾਰਨ ਦਰੱਖਤ ਨਹੀਂ ਬਣ ਪਾਉਂਦੇ । ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬ ਰਾਈਸ ਮਿਲਜ਼ ਜ਼ੀਰਾ ਦੇ ਚੇਅਰਮੈਨ ਸਰਦਾਰ ਅਮਰੀਕ ਸਿੰਘ ਆਹੂਜਾ ਨੇ ਕਿਹਾ ਕਿ ਸ਼ੁੱਧ ਵਾਤਾਵਰਨ ਲਈ ਨਵੇਂ ਲੱਗੇ ਜਾਂ ਲਗਾਏ ਜਾ ਰਹੇ ਬੂਟਿਆਂ ਨੂੰ ਆਵਾਰਾ ਅਤੇ ਗੁਜਰਾਂ ਦੇ ਪਸ਼ੂਆਂ ਤੋਂ ਬਚਾਉਣ ਦੀ ਬੇਹੱਦ ਜਰੂਰਤ ਹੈ । ਉਹਨਾਂ ਕਿਹਾ ਕਿ ਸੜਕਾਂ ਅਤੇ ਨਹਿਰਾਂ ਦੀਆਂ ਪਟੜੀਆਂ ਉੱਤੇ ਵੱਡੀ ਗਿਣਤੀ ਵਿੱਚ ਫਿਰਦੇ ਗੁੱਜਰਾਂ ਦੇ ਪਸ਼ੂਆਂ ਦੇ ਵੱਗ ਨਵੇਂ ਲੱਗੇ ਬੂਟਿਆਂ ਨੂੰ ਵੱਡੇ ਹੋਣ ਤੋਂ ਪਹਿਲਾਂ ਹੀ ਮੁੱਛ ਦਿੰਦੇ ਹਨ । ਅਮਰੀਕ ਸਿੰਘ ਆਹੂਜਾ ਨੇ ਅੱਗੇ ਕਿਹਾ ਕਿ ਜੇਕਰ ਸਰਕਾਰ ਦਿਲੋਂ ਚਾਹੁੰਦੀ ਹੈ ਕਿ ਸ਼ੁੱਧ ਵਾਤਾਵਰਨ ਲਈ ਲਗਾਏ ਗਏ ਨਵੇਂ ਬੂਟੇ ਵੱਡੇ ਦਰਖਤ ਬਣ ਸਕਣ ਤਾਂ ਸਰਕਾਰ ਨੂੰ ਗੁਜਰਾਂ ਦੇ ਸੜਕਾਂ ਅਤੇ ਨਹਿਰਾਂ ਤੇ ਫਿਰਦੇ ਪਸ਼ੂਆਂ ਉੱਤੇ ਤੁਰੰਤ ਪਾਬੰਦੀ ਲਗਾਉਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਗੁੱਜਰਾਂ ਦੇ ਪਸ਼ੂਆਂ ਦੇ ਨਾਲ ਵੱਡੀ ਗਿਣਤੀ ਵਿੱਚ ਫਿਰਦੇ ਆਵਾਰਾ ਪਸ਼ੂਆਂ ਤੋਂ ਵੀ ਬੂਟਿਆਂ ਨੂੰ ਬਚਾਉਣ ਦੀ ਲੋੜ ਹੈ । ਅਮਰੀਕ ਸਿੰਘ ਆਹੂਜਾ ਨੇ ਕਿਹਾ ਕਿ ਅੱਜ ਭਾਰਤ ਵਿੱਚ ਦਰੱਖਤਾਂ ਦੀ ਵੱਡੀ ਲੋੜ ਹੈ, ਕਿਉਂਕਿ ਦਰੱਖਤਾਂ ਦੀ ਘਾਟ ਕਾਰਨ ਮੌਸਮ ਕਰਵਟ ਲੈ ਰਿਹਾ ਹੈ, ਲੋਕ ਕਿਤੇ ਮੀਂਹ ਦੇ ਵੱਧ ਪਾਣੀ ਨਾਲ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕਿਤੇ ਮੀਂਹ ਨਾ ਪੈਣ ਕਾਰਨ ਸੋਕੇ ਦਾ ਸ਼ਿਕਾਰ ਹੋ ਰਹੇ ਹਨ । ਉਹਨਾਂ ਕੇਂਦਰ ਅਤੇ ਪੰਜਾਬ ਸਰਕਾਰ



ਨੂੰ ਅਪੀਲ ਕੀਤੀ ਕਿ ਗੁਜਰ ਭਾਈਚਾਰੇ ਦੇ ਲੋਕਾਂ ਨੂੰ ਸੜਕਾਂ ਤੇ ਪਸ਼ੂ ਲਿਜਾਣ ਤੇ ਪਾਬੰਦੀ ਲਗਾਈ ਜਾਵੇ, ਕਿਉਂਕਿ ਗੁੱਜਰਾਂ ਦੇ ਪਸ਼ੂ ਸੜਕਾਂ ਤੇ ਗੰਦ ਪਾਉਣ ਦੇ ਨਾਲ ਕਿਸਾਨਾਂ ਦੀਆਂ ਫਸਲਾਂ ਦਾ ਵੀ ਨੁਕਸਾਨ ਕਰਦੇ ਹਨ । ਇਸ ਮੌਕੇ ਉਹਨਾਂ ਦੇ ਨਾਲ ਹਰਪਾਲ ਸਿੰਘ ਦਰਗਨ, ਅਨਮੋਲਦੀਪ ਸਿੰਘ ਆਹੂਜਾ ਆਦਿ ਹਾਜ਼ਰ ਸਨ।

# ਜੱਚਾ ਬੱਚਾ ਦੀ ਤੰਦਰੁਸਤੀ ਲਈ ਆਈ ਐਮ ਏ ਵਚਨਬੱਧ:- ਡਾ. ਸਿੰਗਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com




ਮਾਨਸਾ 8 ਅਪ੍ਰੈਲ (ਆਤਮਾ ਸਿੰਘ ਪਮਾਰ)

ਅੱਜ ਵਿਸ਼ਵ ਸਿਹਤ ਦਿਵਸ ਦੇ ਮੌਕੇ ਆਈ ਐਮ ਏ ਮਾਨਸਾ ਵੱਲੋਂ ਡਬਲਯੂ ਐਚ .ੳ ਦੀਆਂ ਹਦਾਇਤਾਂ ਅਨੁਸਾਰ ਇੱਕ ਸੈਮੀਨਾਰ ਡਾ. ਰਜਨੀਸ਼ ਚਾਇਲਡ ਕੇਅਰ ਹਸਪਤਾਲ ਵਿੱਖੇ ਕੀਤਾ ਗਿਆ| ਜਿਸ ਵਿੱਚ ਆਈ ਐਮ ਏ ਦੇ ਡਾਕਟਰਾਂ ਤੋਂ ਇਲਾਵਾ 100 ਦੇ ਲਗਭਗ ਮਰੀਜ਼ਾਂ ਅਤੇ ਉਹਨਾਂ ਦੇ ਵਾਰਸਾਂ ਵੱਲੋਂ ਵੀ ਹਿੱਸਾ ਲਿਆ ਗਿਆ।

ਇਸ ਮੌਕੇ ਵਿਸ਼ਵ ਸਿਹਤ ਦਿਵਸ਼ ਦੀ ਮਹੱਤਤਾ ਦੱਸਦਿਆਂ ਆਈ ਐਮ ਏ ਦੇ ਜਿਲ੍ਹਾ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਕਿਹਾ ਕਿ ਹਰ ਸਾਲ ਡਬਲਯੂ ਐਚ ੳ ਵੱਲੋਂ ਵਿਸ਼ਵ ਪੱਧਰ ਤੇ ਸਿਹਤ ਪ੍ਰਤੀ ਕਿਸੇ ਇੱਕ ਖਾਸ ਵਿਸ਼ੇ ਨੂੰ ਲੈ ਕੇ ਉਸ ਪ੍ਰਤੀ ਪੂਰੀ ਦੁਨੀਆ ਨੂੰ ਜਾਗਰਿਤ ਕਰਨ ਲਈ ਅਤੇ ਲੋੜੀਦੇ ਪ੍ਰੋਗਰਾਮ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ |ਉਨ੍ਹਾਂ ਕਿਹਾ ਕਿ ਡਬਲਯੂ ਐਚ ੳ ਦਾ ਗਠਨ 7 ਅਪ੍ਰੈਲ 1948 ਨੂੰ ਹੋਇਆ ਸੀ ,ਇਸ ਕਰਕੇ ਇਹ ਦਿਨ ਵਿਸ਼ਵ ਸਿਹਤ ਦਿਵਸ ਦੇ ਰੂਪ ਵਿੱਚ ਹਰ ਸਾਲ 7 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ| 2025 ਨੂੰ ਇਸ ਦਿਨ ਦਾ ਥੀਮ "ਸਿਹਤਮੰਦ ਸ਼ੁਰੂਆਤ .....ਆਸ਼ਾਵਾਦੀ ਭਵਿੱਖ" ਅਨੁਸਾਰ ਗਰਭਵਤੀ ਮਾਤਾਵਾਂ ਅਤੇ ਨਵਜੰਮੇ ਬੱਚਿਆਂ ਦੀ ਚੰਗੀ ਸਿਹਤ ਅਤੇ ਉਹਨਾਂ ਦੀ ਮੌਤ ਦਰ ਘੱਟ ਕਰਨ ਲਈ ਵੱਖਰੀਆਂ ਵੱਖਰੀਆਂ ਸੰਸਥਾਵਾਂ ਵੱਲੋਂ ਵੱਖ-ਵੱਖ ਯੋਜਨਾਵਾਂ ਤੇ ਕੰਮ ਕਰਨਾ ਹੈ ਤਾਂ ਜੋ ਕਿ ਇੱਕ ਸਿਹਤਮੰਦ ਪਰਿਵਾਰ, ਸਿਹਤਮੰਦ ਭਾਈਚਾਰਾ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ| ਜੇਕਰ ਮਾਂ ਅਤੇ ਬੱਚਾ ਦੋਵੇਂ ਤੰਦਰੁਸਤ ਹੋਣਗੇ ਤਾਂ ਹੀ ਚੰਗੇ ਭਵਿੱਖ ਦੀ ਕਲਪਨਾ ਅਤੇ ਉਮੀਦ ਕੀਤੀ ਜਾ ਸਕਦੀ ਹੈ|

ਸੰਸਥਾ ਦੇ ਜਨਰਲ ਸਕੱਤਰ ਡਾ ਸ਼ੇਰ ਜੰਗ ਸਿੰਘ ਸਿੱਧੂ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਦੱਸਿਆ ਕਿ ਪਿਛਲੇ ਕੁੱਝ ਦਹਾਕਿਆਂ ਵਿੱਚ ਮਾਵਾਂ ਅਤੇ ਬੱਚਿਆਂ ਦੀ ਸਿਹਤ ਪ੍ਰਤੀ ਬਹੁਤ ਤਰੱਕੀ ਹੋਈ ਹੈ, ਪਰ ਅਸੀਂ ਹਰ ਇੱਕ ਮਾਂ ਅਤੇ ਹਰ ਇੱਕ ਬੱਚੇ ਨੂੰ ਤੰਦਰੁਸਤ ਬਣਾਉਣਾ ਚਾਹੁੰਦੇ ਹਾਂ| ਡਾਕਟਰ ਰਜਨੀਸ਼ ਸਿੱਧੂ ਨੇ ਇਸ ਮੌਕੇ ਬੱਚਿਆਂ ਅਤੇ ਮਾਵਾਂ ਦੇ ਟੀਕਾਕਰਨ ਸਬੰਧੀ ਵਿਸਥਾਰਿਤ ਜਾਣਕਾਰੀ ਵੀ ਦਿੱਤੀ।

ਇਸ ਮੌਕੇ ਡਾਕਟਰ ਸੁਰੇਸ਼ ਸਿੰਗਲਾ, ਡਾ. ਤਰਲੋਕ ਸਿੰਘ ,ਡਾ. ਵਿਸ਼ਾਲ, ਡਾ.ਸੁਖਵਿੰਦਰ ਸਿੰਘ, ਡਾ. ਸੁਖਦੇਵ ਡੂਮੇਲੀ, ਡਾ ਰਜਿੰਦਰ ਬਰਾੜ, ਡਾ ਮਨੋਜ ਗੋਇਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਅਤੇ ਮੌਕੇ ਤੇ ਮਰੀਜ਼ਾਂ ਦੇ ਕੁੱਝ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ।

# ਬਖਸ਼ੀਵਾਲਾ ਪ੍ਰਾਇਮਰੀ ਸਕੂਲ ਸਟਾਫ ਨੇ ਵਿਸ਼ਵ ਸਿਹਤ ਦਿਵਸ ਮੌਕੇ ਕੱਢੀ ਪਿੰਡ ਵਿੱਚ ਜਾਗਰੂਕ ਰੈਲੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com



ਜਿੱਥੇ ਅੱਜ ਵਿਸ਼ਵ ਭਰ ਵਿੱਚ ਵਿਸ਼ਵ ਸਿਹਤ ਦਿਵਸ ਮਨਾਇਆ ਜਾ ਰਿਹਾ ਹੈ ਸਰਕਾਰੀ ਐਲੀਮੈਂਟਰੀ ਸਕੂਲ ਬਖਸ਼ੀਵਾਲਾ ਦੇ ਸਮੂਹ ਸਟਾਫ ਨੇ ਪਿੰਡ ਵਿੱਚ ਸਿਹਤ ਸਬੰਧੀ ਜਾਗਰੂਕ ਰੈਲੀ ਕੱਢੀ, ਹਰਵਿੰਦਰ ਸਿੰਘ ਸੈਂਟਰ ਹੈਡ ਟੀਚਰ ਨੇ ਵਿਦਿਆਰਥੀਆਂ ਅਤੇ ਮਾਪਿਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ ਅਤੇ ਉਹਨਾਂ ਦੁਆਰਾ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਬਦਲ ਰਹੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਿਆ ਜਾਵੇ। ਇਸ ਮੌਕੇ ਵਿਦਿਆਰਥੀਆਂ ਦੁਆਰਾ ਸਿਹਤ ਸੰਭਾਲ ਸਬੰਧੀ ਨਾਅਰੇ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ । ਇਸ ਮੌਕੇ ਸ਼੍ਰੀਮਤੀ ਮਲਕੀਤ ਕੌਰ,ਸ਼੍ਰੀਮਤੀ ਦਲਜੀਤ ਕੌਰ, ਸ਼੍ਰੀਮਤੀ ਜਨਕ ਰਾਣੀ, ਸ਼੍ਰੀਮਤੀ ਹਰਦੀਪ ਕੌਰ ਤੇ ਬੇਅੰਤ ਸਿੰਘ ਹਾਜ਼ਰ ਹਾਜ਼ਰ ਰਹੇ ।

# ਸਾਬਕਾ ਮੰਤਰੀ ਮੋਨਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 08 ਅਪਰੈਲ
INTERNATIONAL PAPER, 94636 01616
hardipchumber57@gmail.com

